20-OCT-PAGE-1.qxd 10/19/2023 10:49 PM Page 1

ਸ਼ੁੱਕਰਵਾਰ, 20 ਅਕਤੂਬਰ, 2023
4 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 140

ਨਵਾਂ ਜ਼ਮਾਨਾ

DAILY NAWAN ZAMANA • FRIDAY, 20 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

... ਕੰਬਲ ਨਹੀਂ ਛੱਡ ਰਿਹਾ

ਨਵੀਂ ਦਿੱਲੀ : ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵੀਰਵਾਰ ਇੱਥੇ ਸਪੱਸ਼ਟ ਕੀਤਾ ਕਿ ਕਾਂਗਰਸ 'ਚ ਕੋਈ ਮੱਤਭੇਦ ਨਹੀਂ, ਉਮੀਦਵਾਰਾਂ ਦੀ ਚੋਣ ਸਮੇਤ ਸਾਰੇ ਫੈਸਲੇ ਸਰਬਸੰਮਤੀ ਨਾਲ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਦੇ ਅਹੁਦੇ 'ਤੇ ਦਾਅਵੇ ਬਾਰੇ ਉਨ੍ਹਾ ਕਿਹਾ-ਮੈਂ ਇਹ ਅਹੁਦਾ ਛੱਡਣਾ ਚਾਹੁੰਦਾ ਹਾਂ, ਪਰ ਇਹ ਮੈਨੂੰ ਨਹੀਂ ਛੱਡ ਰਿਹਾ ਅਤੇ ਸ਼ਾਇਦ ਛੱਡੇਗਾ ਵੀ ਨਹੀਂ। ਆਪਣੀ ਸਰਕਾਰ ਵਿਰੁੱਧ ਸਚਿਨ ਪਾਇਲਟ ਵੱਲੋਂ ਬਗਾਵਤ 'ਤੇ ਉਨ੍ਹਾ ਕਿਹਾ-ਅਸੀਂ ਮੁਆਫ ਕਰੋ ਅਤੇ ਭੁੱਲ ਜਾਓ ਦੀ ਨੀਤੀ ਅਪਣਾਈ ਹੈ। ਕਾਂਗਰਸ ਉਮੀਦਵਾਰਾਂ ਦੀ ਚੋਣ ਲਈ ਜਿੱਤ ਹੀ ਮਾਪਦੰਡ ਹੈ।

ਲੜਾਈ ਦਾ ਹੌਲਨਾਕ ਨਤੀਜਾ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ 'ਚ ਬੀ ਐੱਸ ਐੱਫ ਦੇ ਜਵਾਨ ਨੇ ਇਹ ਪਤਾ ਲੱਗਣ ਤੋਂ ਬਾਅਦ ਆਪਣੇ-ਆਪ ਨੂੰ ਗੋਲੀ ਮਾਰ ਲਈ ਕਿ ਉਸ ਦੀ ਪਤਨੀ ਨੇ ਰਾਜਸਥਾਨ ਵਿਖੇ ਘਰ 'ਚ ਖੁਦਕੁਸ਼ੀ ਕਰ ਲਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਰਾਜੇਂਦਰ ਯਾਦਵ ਨੂੰ ਜਦੋਂ ਪਤਾ ਲੱਗਾ ਕਿ ਉਸ ਦੀ ਪਤਨੀ ਅੰਸ਼ੂ ਯਾਦਵ ਨੇ ਰਾਜਸਥਾਨ ਦੇ ਧੀਰਪੁਰ ਪਿੰਡ 'ਚ ਫਾਹਾ ਲੈ ਲਿਆ ਹੈ ਤਾਂ ਉਸ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਜ਼ਿੰਦਗੀ ਖਤਮ ਕਰ ਲਈ। ਪਤਨੀ ਵੱਲੋਂ ਅਜਿਹਾ ਕਦਮ ਚੁੱਕਣ ਤੋਂ ਪਹਿਲਾਂ ਜੋੜੇ ਦੀ ਫੋਨ 'ਤੇ ਲੜਾਈ ਹੋਈ ਸੀ। ਉਨ੍ਹਾਂ ਦਾ ਅੱਠ ਮਹੀਨੇ ਪਹਿਲਾਂ ਵਿਆਹ ਹੋਇਆ ਸੀ।

ਸਾਬਕਾ ਬੈਂਕ ਮੈਨੇਜਰ ਦਾ ਕਤਲ

ਪਟਿਆਲਾ : ਵੀਰਵਾਰ ਸਵੇਰੇ ਇਥੇ ਪਾਸੀ ਰੋਡ 'ਤੇ ਸੈਰ ਕਰਦੇ ਸਾਬਕਾ ਬੈਂਕ ਮੈਨੇਜਰ ਬਲਬੀਰ ਸਿੰਘ ਚਾਹਲ (67) ਦੀ ਅਣਪਛਾਤੇ ਵਿਅਕਤੀਆਂ ਨੇ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ। ਕਤਲ ਪਟਿਆਲਾ ਮੀਡੀਆ ਕਲੱਬ ਦੀ ਇਮਾਰਤ ਦੀ ਕੰਧ ਦੇ ਨਾਲ ਕੀਤਾ ਗਿਆ। ਪੁਲਸ ਨੂੰ ਮੌਕੇ ਤੋਂ ਉਹ ਛੁਰਾ ਮਿਲਿਆ, ਜੋ ਕਤਲ ਲਈ ਕਥਿਤ ਤੌਰ 'ਤੇ ਵਰਤਿਆ ਗਿਆ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਕਿਹਾ ਕਿ ਕਾਤਲਾਂ ਨੂੰ ਬਹੁਤ ਜਲਦੀ ਕਾਬੂ ਕਰ ਲਿਆ ਜਾਵੇਗਾ।

ਸ਼ਰੀਫ ਦੀ ਵਾਪਸੀ ਭਲਕੇ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਸ਼ਨਿਚਰਵਾਰ ਨੂੰ ਦੇਸ਼ ਪਰਤਣ ਤੋਂ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਨੇ ਉਨ੍ਹਾ ਨੂੰ ਐਵਨਫੀਲਡ ਅਤੇ ਅਲ-ਅਜੀਜ਼ੀਆ ਭ੍ਰਿਸ਼ਟਾਚਾਰ ਮਾਮਲਿਆਂ 'ਚ 24 ਅਕਤੂਬਰ ਤੱਕ ਜ਼ਮਾਨਤ ਦੇ ਦਿੱਤੀ। ਨਾਲ ਹੀ ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਵੱਲੋਂ ਤੋਸ਼ਾਖਾਨਾ ਵਾਹਨ ਮਾਮਲੇ 'ਚ ਜਾਰੀ ਉਨ੍ਹਾ ਦੇ ਗ੍ਰਿਫ਼ਤਾਰੀ ਵਾਰੰਟ ਨੂੰ ਮੁਅੱਤਲ ਕਰ ਦਿੱਤਾ ਹੈ। ਲੰਡਨ ਵਿਚ ਚਾਰ ਸਾਲ ਦੀ ਸਵੈ-ਜਲਾਵਤਨੀ ਕੱਟ ਕੇ ਨਵਾਜ਼ ਸਰੀਫ 21 ਅਕਤੂਬਰ ਨੂੰ ਪਾਕਿਸਤਾਨ ਪਹੁੰਚ ਰਹੇ ਹਨ।

ਭਾਰਤੀ ਕਪਤਾਨ ਦੇ ਤਿੰਨ ਚਲਾਨ

ਪੁਣੇ : ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਰੋਹਿਤ ਸ਼ਰਮਾ ਨੂੰ ਵਿਸ਼ਵ ਕੱਪ ਲਈ ਆਪਣੀ ਟੀਮ ਕੋਲ ਪੁੱਜਣ ਲਈ ਮੁੰਬਈ-ਪੁਣੇ ਐਕਸਪ੍ਰੈਸ ਵੇਅ 'ਤੇ ਤੇਜ਼ ਰਫਤਾਰ ਕਾਰ ਚਲਾਉਣ ਕਾਰਨ ਤਿੰਨ ਚਲਾਨ ਭੁਗਤਣੇ ਪੈਣਗੇ। ਮੀਡੀਆ ਰਿਪੋਰਟ ਅਨੁਸਾਰ ਰੋਹਿਤ ਨੇ ਆਪਣੀ ਲੈਂਬੋਰਗਿਨੀ 200 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚਲਾਈ ਅਤੇ ਇੱਕ ਵਾਰ 215 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨੂੰ ਪਾਰ ਕਰ ਲਿਆ।

ਰਿਸ਼ੀ ਸੂਨਕ ਨੇ ਵੀ ਨੇਤਨਯਾਹੂ ਦੀ ਪਿੱਠ ਥਪਥਪਾਈ

ਤੇਲਅਵੀਵ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਯਕਜਹਿਤੀ ਪ੍ਰਗਟਾਉਣ ਤੋਂ ਬਾਅਦ ਵੀਰਵਾਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਵੀ ਗਾਜ਼ਾ 'ਤੇ ਇਜ਼ਰਾਈਲੀ ਹਮਲਿਆਂ ਨੂੰ ਸਹੀ ਠਹਿਰਾਉਂਦਿਆਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਹਮਾਇਤ ਕੀਤੀ।

ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਨੇਤਨਯਾਹੂ ਨੇ ਸਪੱਸ਼ਟ ਹਮਾਇਤ ਲਈ ਸੂਨਕ ਦਾ ਧੰਨਵਾਦ ਕਰਦਿਆਂ ਕਿਹਾ-ਮੈਂ ਸਮਝਦਾਂ ਕਿ ਇਜ਼ਰਾਈਲ ਵਿਚ ਆ ਕੇ ਸਾਡੀ ਹਮਾਇਤ ਕਰਨ ਦਾ ਅਰਥ ਵੱਡਾ ਹੋ ਜਾਂਦਾ ਹੈ। ਮੈਂ ਕੱਲ੍ਹ ਰਾਸ਼ਟਰਪਤੀ ਬਾਇਡੇਨ ਨੂੰ ਵੀ ਕਿਹਾ ਸੀ ਕਿ ਇਜ਼ਰਾਈਲ ਨਾਲ ਖੜ੍ਹਨਾ ਚੰਗਾ ਹੈ, ਪਰ ਇਜ਼ਰਾਈਲ ਆ ਕੇ ਖੜ੍ਹਨਾ ਵਧੇਰੇ ਖੁਸ਼ ਕਰਦਾ ਹੈ।

ਹਮਾਸ ਨੂੰ ਨਵੇਂ ਨਾਜ਼ੀ ਦੱਸਦਿਆਂ ਨੇਤਨਯਾਹੂ ਨੇ ਕਿਹਾ ਕਿ ਹੁਣ ਲੜਾਈ ਸਿਰਫ ਇਜ਼ਰਾਈਲ ਦੀ ਨਹੀਂ ਰਹੀ, ਸਗੋਂ ਇਹ ਨਾਜ਼ੀਆਂ ਖਿਲਾਫ ਸੰਸਾਰ ਜੰਗ ਵਿਚ ਵਟ ਚੁੱਕੀ ਹੈ। ਹਮਾਸ ਵਾਲੇ ਨਵੇਂ ਨਾਜ਼ੀ ਹਨ, ਨਵੇਂ ਆਈ ਐੱਸ ਆਈ ਐੱਸ ਹਨ ਤੇ ਉਨ੍ਹਾਂ ਨਾਲ ਇਕਜੁੱਟ ਹੋ ਕੇ ਲੜਨਾ ਪੈਣਾ।

ਨੇਤਨਯਾਹੂ ਨੇ ਅੱਗੇ ਕਿਹਾ-ਅਸੀਂ ਮੱਧ-ਪੂਰਬ ਦੇ ਦੇਸ਼ਾਂ ਨਾਲ ਦੋਸਤੀ ਕਰ ਰਹੇ ਸਾਂ ਤੇ ਹਮਾਸ ਨੇ ਹਮਲਾ ਕਰਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਬਰਤਾਨੀਆ ਗਾਜ਼ਾ 'ਤੇ ਸਾਡੀ ਕਾਰਵਾਈ ਦੀ ਹਮਾਇਤ ਕਰਨੀ ਜਾਰੀ ਰੱਖੇ।

ਹਮਾਸ ਨੇ ਕਿਹਾ ਹੈ ਇਕ ਇਜ਼ਰਾਈਲੀ ਬੰਬਾਰੀ ਨਾਲ ਉਸ ਦੇ ਸੁਰੱਖਿਆ ਬਲਾਂ ਦਾ ਮੁਖੀ ਜਿਹਾਦ ਮੀਸੇਨ ਤੇ ਉਸ ਦੇ ਪਰਿਵਾਰ ਦੇ ਮੈਂਬਰ ਆਪਣੇ ਘਰ ਵਿਚ ਮਾਰੇ ਗਏ ਹਨ।

ਗਾਜ਼ਾ ਉੱਤੇ ਬੰਬਾਰੀ ਜਾਰੀ ਰੱਖਣ ਤੋਂ ਇਲਾਵਾ ਇਜ਼ਰਾਈਲੀ ਫੌਜਾਂ ਨੇ ਮਕਬੂਜ਼ਾ ਪੱਛਮੀ ਕੰਢੇ 'ਚ ਵੀਰਵਾਰ ਰਾਮੱਲ੍ਹਾ ਦੇ ਪੱਛਮ ਵਿਚ ਪਿੰਡ ਬੁਰਦੁਸ 'ਚ ਇਕ ਨੌਜਵਾਨ ਨੂੰ ਮਾਰ ਦਿੱਤਾ। ਇਸ ਤੋਂ ਇਲਾਵਾ ਬੈਥਲੇਹਮ ਦੇ ਦੱਖਣ ਵਿਚ ਰਫਿਊਜ਼ੀ

● ਬਾਕੀ ਸਫ਼ਾ 2 'ਤੇ

ਗਾਜ਼ਾ 'ਤੇ ਹਮਲਾ ਕਰਨ ਵਾਲੇ ਸਾਡੇ ਯਹੂਦੀ ਨਹੀਂ!

ਵਾਸ਼ਿੰਗਟਨ : ਫੌਰੀ ਜੰਗਬੰਦੀ ਦੀ ਮੰਗ ਕਰਦੇ ਦੋ ਦਰਜਨ ਰੱਬੀਆਂ (ਰੂਹਾਨੀ ਗੁਰੂਆਂ) ਸਣੇ 500 ਅਮਰੀਕੀ ਯਹੂਦੀਆਂ ਨੂੰ ਵਾਸ਼ਿੰਗਟਨ 'ਚ ਮੁਜ਼ਾਹਰਾ ਕਰਦਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਨੇ ਜਿਹੜੀਆਂ ਸ਼ਰਟਾਂ ਪਹਿਨੀਆਂ ਹੋਈਆਂ ਸਨ, ਉਨ੍ਹਾਂ 'ਤੇ ਲਿਖਿਆ ਸੀ 'ਸਾਡੇ ਨਹੀਂ', ਯਾਨੀ ਜਿਹੜੇ ਗਾਜ਼ਾ ਉੱਤੇ ਹਮਲੇ ਕਰ ਰਹੇ ਹਨ, ਉਹ ਸਾਡੇ ਯਹੂਦੀ ਨਹੀਂ ਹਨ।

ਹਾਲਾਂਕਿ ਅਮਰੀਕਾ ਵਿਚ ਰਹਿਣ ਵਾਲੇ ਇਜ਼ਰਾਈਲੀ ਆਪਣੇ ਦੇਸ਼ ਦੀ ਫੌਜ ਦੀ ਹਮਾਇਤ ਕਰਦੇ ਹਨ, ਪਰ ਇਜ਼ਰਾਈਲ ਦਾ ਰੱਬੀ ਭਾਈਚਾਰਾ ਜਿੱਥੇ ਵੀ ਰਹਿੰਦਾ ਹੈ, ਗਾਜ਼ਾ 'ਚ ਹਮਲਿਆਂ ਦੇ ਖਿਲਾਫ ਬੋਲ ਰਿਹਾ ਹੈ।

ਖ਼ੁਸ਼ਹਾਲੀ ਦੇ ਨਵੇਂ ਦੌਰ ਦਾ ਮੁੱਢ ਬੰਨ੍ਹੇਗਾ ਦਿੱਲੀ-ਕਟੜਾ ਐੱਕਸਪ੍ਰੈੱਸ ਵੇਅ : ਮਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਹੈ ਕਿ ਦਿੱਲੀ-ਕੱਟੜਾ ਐਕਸਪ੍ਰੈੱਸ ਵੇਅ ਸੂਬੇ ਵਿੱਚ ਲਾਮਿਸਾਲ ਵਿਕਾਸ ਤੇ ਖ਼ੁਸ਼ਹਾਲੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰੇਗਾ। ਵੀਰਵਾਰ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਹਾਜ਼ਰੀ ਵਿੱਚ ਇਸ ਪ੍ਰਾਜੈਕਟ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਅਹਿਮ ਪ੍ਰਾਜੈਕਟ ਦਾ ਕੰਮ ਜਲਦੀ ਮੁਕੰਮਲ ਹੋਵੇਗਾ ਅਤੇ ਇਹ ਛੇਤੀ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਇਸ ਪ੍ਰਾਜੈਕਟ ਨੂੰ ਜਲਦੀ ਪੂਰਾ ਕਰਨ ਲਈ ਪਹਿਲਾਂ ਹੀ ਕੌਮੀ ਸ਼ਾਹਰਾਹ ਅਥਾਰਟੀ (ਐੱਨ.ਐੱਚ.ਏ.ਆਈ.) ਦਾ ਪੂਰਾ ਸਹਿਯੋਗ ਤੇ ਤਾਲਮੇਲ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਾਜੈਕਟ ਇਸ ਖਿੱਤੇ ਵਿੱਚ ਆਰਥਿਕ ਗਤੀਵਿਧੀ ਨੂੰ ਵੱਡਾ ਹੁਲਾਰਾ ਦੇਣ ਤੋਂ ਇਲਾਵਾ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗਾ। ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਪ੍ਰਾਜੈਕਟ ਸੂਬੇ ਵਿੱਚ ਵਪਾਰ ਤੇ ਵਣਜ ਨੂੰ ਹੁਲਾਰਾ ਦੇਵੇਗਾ, ਜਿਸ ਨਾਲ ਪੰਜਾਬ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣ ਕੇ ਉੱਭਰੇਗਾ। ਉਨ੍ਹਾ ਕਿਹਾ ਕਿ ਕੇਂਦਰੀ ਮੰਤਰੀ ਦੇ ਦਖ਼ਲ ਨਾਲ ਇਸ ਪ੍ਰਾਜੈਕਟ ਉਤੇ ਕੰਮ ਵਿੱਚ ਹੋਰ ਤੇਜ਼ੀ ਆਵੇਗੀ, ਜਿਸ ਨਾਲ ਪੰਜਾਬ ਦੇ ਅਰਥਚਾਰੇ ਨੂੰ ਗਤੀ ਮਿਲੇਗੀ। ਭਗਵੰਤ ਸਿੰਘ ਮਾਨ ਨੇ ਇਹ ਵੀ ਆਖਿਆ ਕਿ ਇਹ ਸ਼ਾਹਰਾਹ ਇਸ ਖਿੱਤੇ ਵਿੱਚ ਆਰਥਿਕ ਗਤੀਵਿਧੀ ਲਈ ਹੁਲਾਰੇ ਦੇ ਨਾਲ-ਨਾਲ ਅਕੀਦਤ ਭੇਟ ਕਰਨ ਲਈ ਮਾਤਾ ਵੈਸ਼ਨੋ ਦੇਵੀ ਧਾਮ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਸਹੂਲਤ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ, ਜਿਸ ਲਈ ਅਜਿਹੇ ਹੋਰ ਪ੍ਰਾਜੈਕਟ ਪੰਜਾਬ ਵਿੱਚ ਲਿਆਂਦੇ ਜਾਣਗੇ। ਉਨ੍ਹਾ ਕਿਹਾ ਕਿ ਇਸ ਅਹਿਮ ਪ੍ਰਾਜੈਕਟ ਦੇ ਮੁਕੰਮਲ ਹੋਣ ਮਗਰੋਂ ਦਿੱਲੀ ਤੋਂ ਪੰਜਾਬ ਅਤੇ ਜੰਮੂ-ਕਸ਼ਮੀਰ ਜਾਣ ਵਾਲੇ ਖ਼ਾਸ ਤੌਰ ਉਤੇ ਮਾਤਾ ਵੈਸ਼ਨੋ ਦੇਵੀ ਧਾਮ ਜਾਣ ਵਾਲੇ ਯਾਤਰੂਆਂ ਦੇ ਸਮੇਂ ਤੇ ਪੈਸੇ ਦੀ ਬੱਚਤ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ 254 ਕਿਲੋਮੀਟਰ

● ਬਾਕੀ ਸਫ਼ਾ 2 'ਤੇ

ਮੋਦੀ ਸਰਕਾਰ ਨੇ ਫੌਜ ਦੇ ਸਨਮਾਨ ਨੂੰ ਪਹੁੰਚਾਈ ਠੇਸ : ਅਰਸ਼ੀ

ਮਾਨਸਾ, (ਆਤਮਾ ਸਿੰਘ ਪਮਾਰ)- 'ਪਿਛਲੇ ਦਿਨੀਂ 19 ਸਾਲਾ ਅਗਨੀਵੀਰ ਸਕੀਮ ਤਹਿਤ ਭਰਤੀ ਹੋਏ ਨੌਜਵਾਨ ਅੰਮ੍ਰਿਤਪਾਲ ਸਿੰਘ ਕੋਟਲੀ ਕਲਾਂ, ਜੋ ਕਿ ਜੰਮੂ-ਕਸ਼ਮੀਰ ਵਿਖੇ ਆਪਣੀ ਡਿਊਟੀ ਦੌਰਾਨ ਦੇਸ਼ ਲਈ ਕਰਬਾਨ ਹੋ ਗਿਆ ਸੀ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਉਕਤ ਨੌਜਵਾਨ ਨੂੰ ਸਰਕਾਰੀ ਮਾਣ-ਸਨਮਾਨ ਤਹਿਤ ਕੋਈ ਸਲਾਮੀ ਨਹੀਂ ਦਿੱਤੀ ਗਈ ਅਤੇ ਨਾ ਹੀ ਸ਼ਹੀਦ ਮੰਨਣ ਲਈ ਹੀ ਤਿਆਰ ਹੈ। ਅਜਿਹਾ ਕਰਕੇ ਸਰਕਾਰ ਨੇ ਭਾਰਤੀ ਫੌਜ ਦੇ ਸਨਮਾਨ ਨੂੰ ਠੇਸ ਪਹੁੰਚਾਈ ਹੈ, ਜੋ ਅਤਿ-ਨਿੰਦਣਯੋਗ ਅਤੇ ਸ਼ਿਸ਼ਟਾਚਾਰ ਦੇ ਵੀ ਬਿਲਕੁਲ ਉਲਟ ਵਰਤਾਰਾ ਹੈ।' ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਅਤੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਕੀਤਾ।

● ਬਾਕੀ ਸਫ਼ਾ 2 'ਤੇ

ਭਾਜਪਾ ਵੱਲੋਂ ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਸੰਕਲਪ

ਚੰਡੀਗੜ੍ਹ : ਐੱਸ ਵਾਈ ਐੱਲ ਨਹਿਰ ਦੇ ਮਾਮਲੇ 'ਤੇ ਪੰਜਾਬ ਭਾਜਪਾ ਦੀ ਕੋਰ ਕਮੇਟੀ ਨੇ ਵੀਰਵਾਰ ਮਤਾ ਪਾਸ ਕੀਤਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਧਰਤੀ ਹੇਠਲੇ ਪਾਣੀ ਦੀ ਗੰਭੀਰ ਘਾਟ ਨਾਲ ਜੂਝ ਰਿਹਾ ਹੈ। ਮੀਟਿੰਗ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਹੋਈ। ਮਤੇ ਰਾਹੀਂ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਦ੍ਰਿੜ੍ਹ ਸੰਕਲਪ ਲਿਆ ਗਿਆ। ਮਤੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਦੀ ਉਮੀਦ 'ਚ 'ਆਪ' ਨੂੰ ਭਾਰੀ ਚੋਣ ਫਤਵਾ ਦਿੱਤਾ ਹੈ, ਪਰ ਉਹ ਵਿਸ਼ਵਾਸਘਾਤ ਕਰ ਰਹੀ ਹੈ। ਮਤੇ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਗਈ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਫਤਵੇ ਦਾ ਸਤਿਕਾਰ ਕਰਨ, ਪੰਜਾਬ ਦੇ ਖਾਸ ਕਰਕੇ ਕਿਸਾਨਾਂ ਦੇ ਅਹਿਮ ਹਿੱਤਾਂ ਦੀ ਰਾਖੀ ਕਰਨ ਜਾਂ ਅਸਤੀਫਾ ਦੇਣ।

ਕਿਸੇ ਬੀਬੀ ਦੇ ਐੱਸ ਜੀ ਪੀ ਸੀ ਦਾ ਪ੍ਰਧਾਨ ਬਣਨ ਦੇ ਚਰਚੇ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸਿੱਖ ਪੰਥ ਵਿੱਚ ਬਹੁਤ ਹੀ ਮਹੱਤਵਪੂਰਨ ਤੇ ਚਰਚਿਤ ਰਹਿਣ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਸਾਲਾਨਾ ਚੋਣ ਸੰਬੰਧੀ 8 ਨਵੰਬਰ ਨੂੰ ਜਨਰਲ ਅਜਲਾਸ ਸੱਦ ਲਿਆ ਗਿਆ ਹੈ, ਜਦ ਕਿ ਇਸ ਵਾਰ ਫਿਰ ਕਿਸੇ ਔਰਤ ਦੇ ਪ੍ਰਧਾਨ ਬਣਨ ਦੇ ਚਰਚੇ ਸਿਖਰ 'ਤੇ ਹਨ। ਇਹ ਜਨਰਲ ਅਜਲਾਸ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ 8 ਨਵੰਬਰ ਨੂੰ ਦੁਪਹਿਰ 1 ਵਜੇ ਹੋਵੇਗਾ ਤੇ ਲੰਗਰ ਵਿੱਚ ਖਾਣਾ ਵੀ ਵੱਡਾ ਦਿੱਤਾ ਜਾਵੇਗਾ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀਰਵਾਰ ਦੀ ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ 'ਚ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰ ਸਾਲ ਪਹਿਲੀ ਅਕਤੂਬਰ ਤੋਂ 30 ਨਵੰਬਰ ਦੇ 61 ਦਿਨਾਂ ਵਿੱਚ ਹੋਣੀ ਜ਼ਰੂਰੀ ਹੁੰਦੀ ਹੈ। ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਲੈ ਕੇ ਚਾਹਵਾਨ ਉਮੀਦਵਾਰ ਆਪਣੀਆਂ ਗੋਟੀਆਂ ਹੁਣ ਤੋਂ ਫਿੱਟ ਕਰਨੀਆਂ ਸ਼ੁਰੂ ਕਰ ਦੇਣਗੇ ਤੇ ਆਪਣੇ ਆਕਾ ਤੱਕ ਪਹੁੰਚ ਕ

20-OCT-PAGE-1.qxd 10/19/2023 10:49 PM Page 2

ਖੇਡਾਂ ਵਤਨ ਪੰਜਾਬ ਦੀਆਂ : ਸ਼ਾਲਿਨੀ ਸੋਨੀ ਨੇ ਵੇਟ ਲਿਫਟਿੰਗ 'ਚ ਜਿੱਤਿਆ ਗੋਲਡ ਮੈਡਲ

ਜ਼ੀਰਾ (ਨਰਿੰਦਰ ਅਨੇਜਾ)-ਆਮ ਤੌਰ 'ਤੇ ਲੋਕਾਂ ਵਿੱਚ ਧਾਰਨਾ ਇਹੀ ਹੁੰਦੀ ਹੈ ਕਿ ਹਾਊਸ ਵਾਈਫ ਸਿਰਫ ਘਰ ਦੇ ਕੰਮਾਂ-ਕਾਰਾਂ ਤੱਕ ਹੀ ਸੀਮਤ ਹੁੰਦੀ ਹੈ, ਪਰ ਇਸ ਧਾਰਨਾ ਨੂੰ ਗਲਤ ਸਾਬਿਤ ਕਰਦੇ ਹੋਏ ਜੇਕਰ ਔਰਤ ਵਿੱਚ ਦ੍ਰਿੜ੍ਹ ਸ਼ਕਤੀ ਹੋਵੇ ਤਾਂ ਕਿਸੇ ਵੀ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਇਸ ਦੀ ਉਦਾਹਰਨ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਡੀ.ਐੱਸ.ਪੀ. ਅਤੁਲ ਸੋਨੀ ਦੀ ਪਤਨੀ ਸ਼ਲਿਨੀ ਸੋਨੀ ਨੇ ਖੇਡਾਂ ਵਤਨ ਪੰਜਾਬ ਦੀਆਂ ਬਠਿੰਡਾ ਦੇ ਸਟੇਡੀਅਮ ਮਲਟੀਪਰਪਜ਼ ਦੇ ਵੇਟ ਲਿਫਟਿੰਗ ਵਿੱਚ 305 ਕਿਲੋ ਭਾਰ ਚੁੱਕ ਕੇ ਗੋਲਡ ਮੈਡਲ ਜਿੱਤਿਆ। ਉਨ੍ਹਾ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਵਿੱਚ ਹਿੱਸਾ ਲੈਣਾ ਅਤੇ ਉਨ੍ਹਾਂ ਨੂੰ ਵੇਟ ਲਿਫਟਿੰਗ ਦਾ ਬਹੁਤ ਸ਼ੌਕ ਹੈ। ਉਹ ਆਮ ਤੌਰ 'ਤੇ ਵੇਟ ਲਿਫਟਿੰਗ ਦੀਆਂ ਖੇਡਾਂ ਵਿੱਚ ਹਿੱਸਾ ਲੈਂਦੇ ਰਹਿੰਦੇ ਹਨ। ਇੱਕ ਸਾਲ ਦੇ ਕਰੀਬ ਪਹਿਲਾਂ ਉਨ੍ਹਾਂ ਦਾ ਵਿਆਹ ਡੀ ਐੱਸ ਪੀ ਅਤੁਲ ਸੋਨੀ ਨਾਲ ਹੋਇਆ ਸੀ, ਜੋ ਇਸ ਵੇਲੇ ਫਾਜ਼ਿਲਕਾ ਵਿੱਚ ਡੀ ਐੱਸ ਪੀ ਵਜੋਂ ਤੈਨਾਤ ਹਨ, ਨੇ ਮੇਰੀ ਇਸ ਵੇਟ ਲਿਫਟਿੰਗ ਦੀ ਖੇਡ ਦੀ ਰੁਚੀ ਨੂੰ ਦੇਖਦਿਆਂ ਮੇਰਾ ਬਹੁਤ ਸਾਥ ਦਿੱਤਾ, ਕਿਉਂਕਿ ਉਨ੍ਹਾਂ ਨੂੰ ਵੀ ਜਿੰਮ ਵਗੈਰਾ ਜਾਣ ਅਤੇ ਆਪਣੇ ਸਰੀਰ ਨੂੰ ਫਿੱਟ ਰੱਖਣ ਦਾ ਬਹੁਤ ਸ਼ੌਕ ਹੈ ਅਤੇ ਉਨ੍ਹਾਂ ਨੇ ਵੇਟ ਲਿਫਟਿੰਗ ਵਿੱਚ ਮੇਰਾ ਭਰਪੂਰ ਸਾਥ ਦਿੱਤਾ। ਉਨ੍ਹਾਂ ਦੇ ਇਸ ਸਹਿਯੋਗ ਸਦਕਾ ਹੀ ਅੱਜ ਮੈਂ ਖੇਡਾਂ ਵਤਨ ਪੰਜਾਬ ਦੀਆਂ, ਜੋ ਬਠਿੰਡਾ ਦੇ ਮਲਟੀਪਰਪਜ਼ ਸਟੇਡੀਅਮ ਵਿੱਚ ਹੋ ਰਹੀਆਂ ਹਨ, ਵਿੱਚ ਭਾਗ ਲੈ ਕੇ ਅਤੇ 305 ਕਿੱਲੋ ਭਾਰ ਚੁੱਕ ਕੇ ਪਹਿਲੇ ਨੰਬਰ 'ਤੇ ਰਹਿ ਕੇ ਗੋਲਡ ਮੈਡਲ ਜਿੱਤਿਆ ਹੈ।

ਕਾਕਾ ਕੌਂਸ਼ਲ ਤੇ ਬਰਮਾਲੀਪੁਰ ਬਣੇ ਬਲਾਕ ਪ੍ਰਧਾਨ

ਦੋਰਾਹਾ, (ਹਰਮਿੰਦਰ ਸੇਠ)-ਆਮ ਆਦਮੀ ਪਾਰਟੀ ਦੇ ਹਲਕਾ ਪਾਇਲ ਤੋਂ ਟਕਸਾਲੀ ਆਗੂ ਰਾਜਿੰਦਰਪਾਲ ਕਾਕਾ ਕੌਂਸਲ ਅਤੇ ਕਰਮਜੀਤ ਸਿੰਘ ਬਰਮਾਲੀਪੁਰ ਦੇ ਬਲਾਕ ਪ੍ਰਧਾਨ ਬਣਨ ਨਾਲ ਬਲਾਕ ਅੰਦਰ ਆਈ ਸਿਆਸੀ ਖੜੋਤ ਟੁੱਟੇਗੀ। ਪਾਰਟੀ ਹਾਈਕਮਾਨ ਨੇ ਨਿਯੁਕਤੀਆ ਕਰਕੇ ਵਿਰੋਧੀਆਂ ਦੇ ਖੇਮੇ ਵਿੱਚ ਹਲਚਲ ਦਾ ਮਹੌਲ ਸਿਰਜਿਆ ਦਿੱਤਾ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਦੋਰਾਹਾ ਦੇ ਚੇਅਰਮੈਨ ਬੂਟਾ ਸਿੰਘ ਗਿੱਲ ਨੇ ਕੀਤਾ। ਰਾਜਿੰਦਰਪਾਲ ਕਾਕਾ ਕੌਂਸਲ ਤੇ ਕਰਮਜੀਤ ਸਿੰਘ ਬਰਮਾਲੀਪੁਰ ਨੂੰ ਆਮ ਆਦਮੀ ਪਾਰਟੀ ਵਲੋਂ ਬਲਾਕ ਪ੍ਰਧਾਨ ਲਾਉਣ 'ਤੇ ਬੂਟਾ ਸਿੰਘ ਰਾਣੋ ਚੇਅਰਮੈਨ ਮਾਰਕੀਟ ਕਮੇਟੀ ਵਲੋਂ ਉਚੇਚੇ ਤੌਰ ਤੇ ਦੋਰਾਹਾ ਵਿਖੇ ਸਨਮਾਨ ਕੀਤਾ ਗਿਆ। ਇਸ ਮੌਕੇ ਹਰਦੀਪ ਸਿੰਘ ਅਜਨੋਦ, ਰਾਣਾ ਕੂਨਰ, ਰਣਜੀਤ ਸਿੰਘ ਟਿਵਾਣਾ, ਭਗਵੰਤ ਸਿੰਘ ਮੌਨੀ, ਦਵਿੰਦਰ ਸਿੰਘ ਰਾਜਾ ਆਦਿ ਆਗੂ ਹਾਜ਼ਰ ਸਨ।

ਕੰਬੋਜ ਬਰਾਦਰੀ ਵੱਲੋਂ ਸਵਾਹਵਾਲਾ ਤੇ ਬੂਰਵਾਲਾ 'ਚ ਮੀਟਿੰਗਾਂ

ਜਲਾਲਾਬਾਦ, (ਜੀਤ ਕੁਮਾਰ) ਕੰਬੋਜ ਬਿਰਾਦਰੀ ਵੱਲੋਂ ਪਿੰਡ ਸਵਾਹਵਾਲਾ, ਬੂਰਵਾਲਾ ਸਮੇਤ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਬਲਾਕ ਗੁਰੂਹਰਸਹਾਏ ਦੇ ਪ੍ਰਧਾਨ ਤੇ ਕੰਬੋਜ ਬਿਰਾਦਰੀ ਦੇ ਨੁਮਾਇੰਦੇ ਸਰਵ ਮਿੱਤਰ, ਪੱਪੂ ਸਰਪੰਚ, ਪਾਲਾ ਬੱਟੀ, ਤੇਜਪਾਲ, ਸੁਦਰਸ਼ਨ ਸੁੱਲਾ, ਸੰਤਪਾਲ, ਸਰਿੰਦਰ ਸਰਪੰਚ, ਵਿਜੇ ਕੁਮਾਰ, ਦਿਆਲ ਚੰਦ, ਪ੍ਰੇਮ ਡਾਕਟਰ, ਕ੍ਰਿਸ਼ਨ ਲਾਲ, ਨੰਬਰਦਾਰ ਦਰਸ਼ਨ ਲਾਲ ਆਦਿ ਮੌਜੂਦ ਸਨ। ਆਗੂਆਂ ਨੇ ਕਿਹਾ ਕਿ ਕੰਬੋਜ ਬਿਰਾਦਰੀ ਨੂੰ ਬੀ.ਸੀ. ਕੈਟਾਗਰੀ 'ਚੋਂ ਬਾਹਰ ਕੱਢਣ ਦੀਆਂ ਚਾਲਾਂ ਨੂੰ ਅਸਫ਼ਲ ਕਰਨ ਲਈ 20 ਅਕਤੂਬਰ ਨੂੰ 10 ਵਜੇ ਸਾਰਾਗੜ੍ਹੀ ਗੁਰੂਦੁਆਰਾ ਸਾਹਿਬ ਫ਼ਿਰੋਜ਼ਪੁਰ ਵਿਖੇ ਭਾਰੀ ਇਕੱਠ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਕੰਬੋਜ ਬਿਰਾਦਰੀ ਦੇ ਲੋਕਾਂ ਇਸ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਵਿੱਚ ਵਧ-ਚੜ੍ਹ ਕੇ ਪਹੁੰਚਣ ਦਾ ਸੱਦਾ ਦਿੱਤਾ। ਮੀਟਿੰਗਾਂ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਸਰਵ ਮਿੱਤਰ ਕੰਬੋਜ ਨੇ ਕਿਹਾ ਕਿ ਕੰਬੋਜ ਬਰਾਦਰੀ ਨਾਲ ਧੋਖਾ ਕਰ ਰਹੇ ਸਮਾਜ ਵਿਰੋਧੀ ਲੋਕਾਂ ਵਿਰੁੱਧ ਸਖਤੀ ਨਾਲ ਨਿਪਟਿਆ ਜਾਵੇਗਾ, ਜਿਸ ਲਈ ਕੰਬੋਜ ਬਿਰਾਦਰੀ ਇਕਜੁਟ ਹੋ ਚੁੱਕੀ ਹੈ ਅਤੇ ਕੰਬੋਜ ਬਿਰਾਦਰੀ ਨੂੰ ਮਿਲੇ ਪਿਛੜੀ ਸ਼੍ਰੇਣੀ (ਬੀਸੀ) ਦੇ ਹੱਕ ਨੂੰ ਬਹਾਲ ਰੱਖਣ ਲਈਆ ਸਰਗਰਮੀਆਂ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ। ਉਨ੍ਹਾਂ ਕੰਬੋਜ ਬਿਰਾਦਰੀ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਫ਼ਿਰੋਜ਼ਪੁਰ ਵਿਖੇ ਹੋਣ ਵਾਲੇ ਵਿਸ਼ਾਲ ਇਕੱਠ ਵਿੱਚ ਵੱਧ ਤੋਂ ਵੱਧ ਪਹੁੰਚਣ।

ਫੈਂਸਿੰਗ ਦੇ ਰਾਜ ਪੱਧਰੀ ਮੁਕਾਬਲਿਆਂ 'ਚ ਜ਼ਿਲ੍ਹਾ ਦੂਜੇ ਨੰਬਰ 'ਤੇ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ-2023 ਦੇ ਰਾਜ ਪੱਧਰੀ ਫੈਨਸਿੰਗ ਮੁਕਾਬਲੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ ਕਰਾਏ ਜਾ ਰਹੇ ਹਨ, ਜਿਸ ਵਿੱਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਲਗਭਗ ਇੱਕ ਹਜ਼ਾਰ ਖਿਡਾਰੀ ਤੇ ਖਿਡਾਰਨਾਂ ਭਾਗ ਲੈ ਰਹੀਆਂ ਹਨ। ਇਸ ਰਾਜ ਪੱਧਰੀ ਖੇਡਾਂ ਦੇ ਦੂਜੇ ਦਿਨ ਹੋਏ ਮੁਕਾਬਲਿਆਂ ਵਿੱਚ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਟੀਮ ਦੂਜੇ ਸਥਾਨ 'ਤੇ ਰਹੀ। ਜ਼ਿਲ੍ਹਾ ਖੇਡ ਅਫਸਰ ਸ਼੍ਰੀ ਕੁਲਦੀਪ ਚੁੱਘ ਨੇ ਦੱਸਿਆ ਕਿ ਫੈਂਸਿੰਗ ਦੇ 14 ਸਾਲ ਉਮਰ ਵਰਗ ਦੇ ਫੋਆਇਲ ਮੁਕਾਬਲੇ ਵਿੱਚ ਪਟਿਆਲਾ ਜ਼ਿਲ੍ਹਾ ਪਹਿਲੇ, ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਦੂਜੇ, ਤਰਨਤਾਰਨ ਜ਼ਿਲ੍ਹਾ ਤੀਜੇ ਤੇ ਮਾਨਸਾ ਰਨਰਅੱਪ ਰਿਹਾ। ਇਸੇ ਤਰ੍ਹਾਂ ਫੈਨਸਿੰਗ ਦੇ 14 ਸਾਲ ਉਮਰ ਵਰਗ ਦੇ ਟੀਮ ਮੁਕਾਬਲੇ ਵਿੱਚ ਅੰਮ੍ਰਿਤਸਰ ਜ਼ਿਲ੍ਹਾ ਪਹਿਲੇ, ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਦੂਜੇ, ਸੰਗਰੂਰ ਤੀਜੇ ਤੇ ਤਰਨਤਾਰਨ ਜ਼ਿਲ੍ਹਾ ਤੀਜਾ ਰਨਰਅੱਪ ਰਿਹਾ।

ਦੂਜੇ ਦਿਨ ਦੇ ਰਾਜ ਪੱਧਰੀ ਮੁਕਾਬਲੇ 'ਚ ਖੇਡ ਵਿਭਾਗ ਦੇ ਸਪੈਸ਼ਲ ਸੈਕਟਰੀ ਡਾਇਰੈਕਟਰ ਖੇਡ ਡਾ. ਆਨੰਦ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਫੈਨਸਿੰਗ ਦੇ ਚੀਫ ਕੋਚ ਸ਼੍ਰੀ ਮੋਹਿਤ ਅਸਵਨੀ, ਹਾਈ ਪ੍ਰਫਾਰਮੈਂਸ ਮੈਨੇਜਰ ਸ਼੍ਰੀਮਤੀ ਕਰਮਜੀਤ ਕੌਰ, ਓਵਰ ਆਲ ਇੰਚਾਰਜ, ਕਨਵੀਨਰ ਸ਼੍ਰੀਮਤੀ ਅਮਨਦੀਪ ਕੌਰ, ਕੋ ਕਨਵੀਨਰ ਕਮਲਦੀਪ ਕੌਰ, ਜ਼ਿਲ੍ਹਾ ਖੇਡ ਅਫਸਰ ਮੋਹਾਲੀ ਸ਼੍ਰੀਮਤੀ ਗੁਰਦੀਪ ਕੌਰ ਵੀ ਮੌਜੂਦ ਸਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮੈਡਮ ਰੂਪਪ੍ਰੀਤ ਕੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਸ਼੍ਰੀ ਰਮਨੀਕ ਅਹੂਜਾ (ਬਾਕਿਟਬਾਲ ਕੋਚ), ਸ਼੍ਰੀ ਮਨੋਜ ਕੁਮਾਰ (ਜਿਮਨਾਸਟਿਕ ਕੋਚ), ਮਿਸ ਭੁਪਿੰਦਰ ਕੌਰ(ਅਥਲੈਟਿਕਸ ਕੋਚ), ਮਿਸ ਮਨਵੀਰ ਕੌਰ, ਜਸਵੀਰ ਸਿੰਘ, ਡੀ.ਐੱਮ. ਸਿੱਖਿਆ ਵਿਭਾਗ ਤੇ ਸਮੂਹ ਫਿਜ਼ੀਕਲ ਅਧਿਆਪਕ, ਸ਼੍ਰੀ ਮਨਦੀਪ ਸਿੰਘ, ਸ਼੍ਰੀ ਰਾਮ ਬਹਾਦੁਰ ਸ਼੍ਰੀ ਰੋਹਿਤ ਤੇ ਸਮੂਹ ਸਟਾਫ਼ ਹਾਜ਼ਰ ਸੀ।

ਪ੍ਰਾਇਮਰੀ ਖੇਡਾਂ 'ਚ ਅਧਿਆਪਕ ਦਾ ਯੋਗਦਾਨ ਬਹੁਤ ਵੱਡਮੁੱਲਾ : ਐੱਸ ਡੀ ਐੱਮ

ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ਼੍ਰੀ ਜਗਦੀਪ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਪਿੰਡ ਕੋਟਲੀ ਦੇਵਨ ਦੇ ਕਲੱਬ ਦੇ ਨੌਜਵਾਨਾਂ ਦੇ ਸਹਿਯੋਗ ਨਾਲ ਬਲਾਕ ਪੱਧਰੀ ਖੇਡਾਂ ਪਿੰਡ ਕੋਟਲੀ ਦੇਵਨ ਸਟੇਡੀਅਮ ਵਿੱਚ ਚੱਲ ਰਹੀਆਂ ਹਨ। ਖੇਡਾਂ ਦਾ ਉਦਘਾਟਨ ਕੁਸ਼ਲ ਪ੍ਰਬੰਧਕ ਐੱਸ ਡੀ ਐੱਮ ਸ਼੍ਰੀ ਕੰਵਰਜੀਤ ਸਿੰਘ ਸ਼੍ਰੀ ਮੁਕਤਸਰ ਸਾਹਿਬ ਨੇ ਕੀਤਾ। ਉਨ੍ਹਾ ਨੰਨ੍ਹੇ-ਮੁੰਨੇ ਖਿਡਾਰੀਆਂ ਤੇ ਅਧਿਆਪਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਪ੍ਰਾਇਮਰੀ ਅਧਿਆਪਕ ਮਾਂ ਵਰਗਾ ਰੋਲ ਅਦਾ ਕਰਦੇ ਹਨ। ਬਿਨਾਂ ਫੰਡ ਦੇ ਵਿਦਿਆਰਥੀਆਂ ਨੂੰ ਵਧੀਆ ਖਿਡਾਰੀ ਬਣਾਉਣਾ ਕੋਈ ਸੌਖਾ ਕੰਮ ਨਹੀਂ ਹੈ। ਮੀਡੀਆ ਟੀਮ ਦੇ ਇੰਚਾਰਜ ਸੈਂਟਰ ਹੈੱਡ ਟੀਚਰ ਪ੍ਰਗਟ ਸਿੰਘ ਜੰਬਰ ਨੇ ਦੱਸਿਆ ਕਿ ਅੱਜ ਦੇ ਮੁਕਾਬਲਿਆਂ ਕਬੱਡੀ ਨੈਸ਼ਨਲ ਸਟਾਈਲ ਮੁੰਡਿਆਂ ਦੇ ਪ੍ਰੀ ਕੁਆਟਰ ਫਾਈਨਲ ਮੈਚ ਕਰਵਾਏ ਗਏ। 100 ਮੀਟਰ, 200 ਮੀਟਰ, 400 ਮੀਟਰ, ਲੰਬੀ ਛਾਲ, ਗੋਲਾ ਸੁਟਣਾ ਤੇ ਕੁਸ਼ਤੀਆਂ ਦੇ ਮੁਕਾਬਲੇ ਕਰਵਾਏ ਗਏ। ਅੱਜ ਦੇ ਮੁਕਾਬਲਿਆਂ ਵਿੱਚ ਗੁਰਮੀਤ ਸਿੰਘ ਖੇਡ ਅਫਸਰ, ਸਰਪੰਚ ਸ਼੍ਰੀਮਤੀ ਸੰਦੀਪ ਕੌਰ, ਗੁਰਪ੍ਰੀਤ ਸਿੰਘ ਅਟਾਰੀ, ਮਾਸਟਰ ਜਗਜੀਤ ਸਿੰਘ, ਸੀ ਐੱਚ ਟੀ ਸਾਹਿਬਾਨ ਸਰਵਸ਼੍ਰੀ ਗੁਰਮੀਤ ਸਿੰਘ, ਜਸਵੰਤ ਸਿੰਘ, ਚਰਨਜੀਤ ਸਿੰਘ, ਰਵਿੰਦਰ ਸਿੰਘ, ਸਾਹਿਬ ਸਿੰਘ, ਹੈੱਡ ਟੀਚਰ ਵਿੱਚ ਸਰਵਸ਼੍ਰੀ ਗੁਰਪ੍ਰੀਤ ਸਿੰਘ ਸੰਧੂ, ਮੀਨਾ ਗਲੋਤਰਾ, ਨਵਦੀਪ ਅਹੂਜਾ, ਗਗਨਦੀਪ ਸਿੰਘ, ਅਜੀਤਪਾਲ ਸਿੰਘ, ਅਮਰਜੀਤ ਸਿੰਘ, ਇੰਦਰਜੀਤ ਸਿੰਘ, ਕ੍ਰਿਸ਼ਨ ਕੁਮਾਰ, ਭੁਪਿੰਦਰ ਸਿੰਘ, ਚਮਨ ਲਾਲ, ਜਗਮੋਹਨ ਸਿੰਘ, ਅਸ਼ੋਕ ਕੁਮਾਰ ਸ਼ਰਮਾ, ਗੁਰਜੰਟ ਸਿੰਘ, ਗੁਰਪਾਲ ਸਿੰਘ, ਟੀਚਰ ਵਿੱਚ ਮਨਿੰਦਰ ਕੌਰ, ਗੁਰਵਿੰਦਰ ਸਿੰਘ, ਸੁਮੀਤ ਕੱਕੜ, ਜਸਵਿੰਦਰ ਸਿੰਘ, ਰਾਜੀਵ ਪਾਹਵਾ, ਕੰਵਰਜੀਤ ਸਿੰਘ, ਗੁਰਪ੍ਰੀਤ ਸਿੰਘ, ਖੁਸਵੰਤ ਸਿੰਘ, ਅਸ਼ੋਕ ਕੁਮਾਰ, ਸੰਦੀਪ ਕੁਮਾਰ, ਦਲਜੀਤ ਸਿੰਘ, ਪਰਮਜੀਤ ਕੌਰ, ਜਸਵਿੰਦਰ ਸਿੰਘ, ਸਤਿੰਦਰ ਸਿੰਘ, ਦਵਿੰਦਰ ਸਿੰਘ ਸੰਧੂ, ਕੰਵਰਜੀਤ ਸਿੰਘ, ਸੰਜੇ ਕੁਮਾਰ, ਮਮਤਾ ਰਾਣੀ ਨੇ ਆਪੋ ਆਪਣੀ ਡਿਊਟੀ ਨਿਭਾਈ। ਮੰਚ ਸੰਚਾਲਨ ਦੀ ਡਿਊਟੀ ਅਨਾਮਿਕਾ ਤੇ ਗੁਰਪ੍ਰੀਤ ਸਿੰਘ ਨੇ ਨਿਭਾਈ।

ਅਗਨੀਵੀਰ ਜਵਾਨ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਸ਼ਾਂਤਮਈ ਰੋਸ ਧਰਨਾ

ਮਲੋਟ, (ਗੁਰਮੀਤ ਸਿੰਘ ਮੱਕੜ):-ਪਿਛਲੇ ਦਿਨੀਂ ਸ਼ਹੀਦ ਹੋਏ ਅਗਨੀਵੀਰ ਫੌਜੀ ਅੰਮ੍ਰਿਤਪਾਲ ਸਿੰਘ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਸਾਬਕਾ ਫੌਜੀਆਂ ਵਲੋਂ ਸਾਬਕਾ ਸੈਨਿਕ ਵਿੰਗ ਪੰਜਾਬ ਪ੍ਰਧਾਨ ਸੂਬੇਦਾਰ ਅਵਤਾਰ ਸਿੰਘ ਫਕਰਸਰ ਦੀ ਅਗਵਾਈ ਹੇਠ ਮਲੋਟ ਦੇ ਗੁਰੂ ਨਾਨਕ ਦੇਵ ਚੌਕ ਵਿਚ ਸ਼ਾਂਤਮਈ ਰੋਸ ਧਰਨਾ ਦਿੱਤਾ ਗਿਆ,ਜਿਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਸ਼ੁਰੂ ਕੀਤੀ ਅਗਨੀਵੀਰ ਦੀ ਨਿੰਦਾ ਕਰਦੇ ਕਿਹਾ ਕਿ ਕੇਂਦਰ ਨੇ ਅਗਨੀਵੀਰ ਤਹਿਤ ਫੌਜ ਵਿਚ ਭਰਤੀ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ 4 ਸਾਲ ਦਾ ਕਾਰਜਕਾਲ ਹੈ ਅਤੇ 6 ਮਹੀਨੇ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ 10 ਲੱਖ ਦੇ ਘਰ ਭੇਜ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਫੌਜੀ ਕੁੱਝ ਸਾਲਾਂ ਤੱਕ ਰਿਟਾਇਰ ਹੋ ਜਾਣਗੇ ਅਤੇ ਫੌਜ ਸਿਰਫ ਚਾਰ ਸਾਲਾਂ ਤੱਕ ਰਹਿ ਜਾਵੇਗੀ। ਉਨ੍ਹਾਂ ਪਿਛਲੇ ਦਿਨੀਂ ਸਹੀਦ ਹੋਏ ਅਗਨੀਵੀਰ ਫੌਜੀ ਅਮ੍ਰਿਤਪਾਲ ਸਿੰਘ ਨੂੰ ਕੇਂਦਰੁ ਵਲੋਂ ਸ਼ਹੀਦ ਕਰਾਰ ਨਾ ਦਿੱਤੇ ਜਾਣ 'ਤੇ ਵੀ ਰੋਸ ਪ੍ਰਗਟ ਕੀਤਾ। ਸਾਬਕਾ ਫੌਜੀਆਂ ਵਲੋਂ ਧਰਨਾ ਦੌਰਾਨ ਮੰਗ ਕੀਤੀ ਗਈ ਕਿ ਅਗਨੀਵੀਰ ਤੌਰ 'ਤੇ ਫੌਜ ਵਿਚ ਕੀਤੀ ਜਾ ਰਹੀ ਦੀ ਭਰਤੀ ਬੰਦ ਕੀਤੀ ਜਾਵੇ ਅਤੇ ਅੰਮ੍ਰਿਤਪਾਲ ਨੂੰ ਸ਼ਹੀਦ ਕਰਾਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕੀਤੀ ਜਾਵੇ।

ਅੱਜ-ਨਾਮਾ

ਸੁਫਨਾ ਕੁਰਸੀ ਦਾ ਮਾਰਦਾ ਮੱਤ ਜਿਸ ਦੀ,
ਸੱਖਣੀ ਅਕਲ ਤੋਂ ਗੱਲ ਪਿਆ ਕਰੇ ਬੇਲੀ।
ਸਾਥੀ-ਸ਼ਰੀਕ ਦਾ ਫਰਕ ਨਹੀਂ ਯਾਦ ਰੱਖੇ,
ਕਰਦਾ ਰਹੇ ਸਾਰਿਆਂ ਨੂੰ ਪਰੇ-ਪਰੇ ਬੇਲੀ।
ਜਰਦਾ ਕਿਸੇ ਦੀ ਗੱਲ ਉਹ ਆਪ ਹੈ ਨਹੀਂ,
ਉਹਦੀ ਕਹੀ ਫਿਰ ਕੋਈ ਨਹੀਂ ਜਰੇ ਬੇਲੀ।
ਚੋਭ ਪਾਇਲਟ ਨੂੰ ਲਾਈ ਗਹਿਲੋਤ ਕਹਿੰਦੇ,
ਜੀਹਦੇ ਬਿਨਾਂ ਨਹੀਂ ਚੋਣਾਂ ਵਿੱਚ ਸਰੇ ਬੇਲੀ।
ਚੁੱਪ ਪਾਇਲਟ ਵੀ ਅੱਗੋਂ ਨਹੀਂ ਰਹਿਣ ਲੱਗਾ,
ਮੋੜਵੀਂ ਲਾਉਣੀ ਇਸ ਭਲਕ ਨੂੰ ਸੱਟ ਬੇਲੀ।
ਫਸੀ ਜਦ ਭਾਜਪਾ ਟੱਬਰ ਵਿੱਚ ਫੁੱਟ ਕਾਰਨ,
ਗਹਿਲੋਤ-ਸਚਿਨ ਤੋਂ ਖੱਟੀ ਲਊ ਖੱਟ ਬੇਲੀ।

-ਤੀਸ ਮਾਰ ਖਾਂ

ਪਿਛਲੀਆਂ ਸਰਕਾਰਾਂ ਨੇ ਡਰੱਗ ਮਾਫੀਆ ਨੂੰ ਸਰਕਾਰੀ ਸੁਰੱਖਿਆ ਦਿੱਤੀ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ) -ਨਸ਼ੇ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਨੇ ਵਿਰੋਧੀ ਪਾਰਟੀਆਂ 'ਤੇ ਵਰ੍ਹਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ 'ਚ ਨਸ਼ੇ ਨੂੰ ਬੜ੍ਹਾਵਾ ਦਿੱਤਾ ਅਤੇ ਡਰੱਗ ਮਾਫੀਆ ਨੂੰ ਸਰਕਾਰੀ ਸੁਰੱਖਿਆ ਪ੍ਰਦਾਨ ਕੀਤੀ। ਉਨ੍ਹਾਂ ਨਸ਼ਿਆਂ ਦੇ ਕਾਰੋਬਾਰ ਨੂੰ ਇਸ ਲਈ ਉਤਸ਼ਾਹਿਤ ਕੀਤਾ, ਕਿਉਂਕਿ ਉਹਨਾਂ ਦੇ ਇਸ ਨਾਲ ਵਿੱਤੀ ਹਿੱਤ ਜੁੜੇ ਹੋਏ ਸਨ।

ਪਾਰਟੀ ਹੈੱਡਕੁਆਰਟਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਮੁੱਖ ਮੰ

20--Otc-PAGE- 3 qxd.qxd 10/19/2023 10:59 PM Page 1

ਨਰੇਗਾ ਸਕੀਮ ਅਫਸਰਸ਼ਾਹੀ ਸਹੀ ਢੰਗ ਨਾਲ ਲਾਗੂ ਨਹੀਂ ਹੋਣ ਦਿੰਦੀ : ਮਾੜੀਮੇਘਾ

ਭਿੱਖੀਵਿੰਡ (ਨ ਜ਼ ਸ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਬਲਾਕ ਭਿੱਖੀਵਿੰਡ ਵੱਲੋਂ ਇਤਿਹਾਸਕ ਪਿੰਡ ਪੂਹਲਾ ਅਤੇ ਬਾਸਰਕੇ ਹੁੰਦਲ ਵਿਖੇ ਨਰੇਗਾ ਕਾਮਿਆਂ ਦੀਆਂ ਜਨਰਲ ਬਾਡੀ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਮੌਜੂਦਾ ਅਫਸਰਸ਼ਾਹੀ ਤੇ ਮੁਲਾਜ਼ਮਾਂ ਵੱਲੋਂ ਨਰੇਗਾ ਕੰਮ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਸਰਕਾਰ ਦੇ ਚਹੇਤੇ ਪਿੰਡਾਂ ਵਿੱਚ ਨਰੇਗਾ ਕਾਮਿਆਂ ਨੂੰ ਕੰਮ ਨਹੀਂ ਲੈਣ ਦਿੰਦੇ। ਜਿਹੜੇ ਨਰੇਗਾ ਕਾਮੇ ਉਨ੍ਹਾਂ ਦੀਆਂ ਝੋਲੀਆਂ ਭਰਦੇ ਹਨ ਉਨ੍ਹਾਂ ਨੂੰ ਕੰਮ ਮਿਲ ਜਾਂਦਾ ਹੈ, ਜਿਹੜੇ ਉਨ੍ਹਾਂ ਨੂੰ ਕੀਤੇ ਹੋਏ ਕੰਮ ਚੋਂ ਪੈਸੇ ਨਹੀਂ ਦਿੰਦੇ, ਉਨ੍ਹਾਂ ਨੂੰ ਕੰਮ ਨਹੀਂ ਲੈਣ ਦਿੰਦੇ। ਅਫਸਰਸ਼ਾਹੀ ਤੇ ਹੇਠਲਾ ਮੁਲਾਜ਼ਮ ਵੀ ਇਹੋ ਚਾਹੁੰਦਾ ਹੈ। ਪਿੰਡ ਸੂਰਵਿੰਡ ਵਿੱਚ ਤਾਂ ਆਪ ਪਾਰਟੀ ਵਾਲਿਆਂ ਨੇ ਹਨੇਰ ਹੀ ਮਚਾਇਆ ਹੋਇਆ ਹੈ। ਅਸੀਂ ਉਪਰਲੇ ਅਫਸਰਾਂ ਨੂੰ ਸੂਰਵਿੰਡ ਦੇ ਗ੍ਰਾਮ ਸੇਵਕ ਦੀ ਵਾਰ ਵਾਰ ਸ਼ਿਕਾਇਤ ਕੀਤੀ ਹੈ ਪਰ ਕੋਈ ਅਫਸਰ ਉਸ ਖਿਲਾਫ ਕਾਰਵਾਈ ਕਰਨ ਦੀ ਜੁਰਅਤ ਨਹੀਂ ਕਰਦਾ। ਲਗਦਾ ਹੈ ਸਾਨੂੰ ਜਥੇਬੰਦੀ ਵੱਲੋਂ ਡੀ ਸੀ ਦਫਤਰ ਅੱਗੇ ਪੱਕਾ ਹੀ ਮੋਰਚਾ ਲਾਉਣਾ ਪਵੇਗਾ। ਮਾੜੀਮੇਘਾ ਨੇ ਕਿਹਾ ਕਿ ਬੜੀ ਅਫਸੋਸਨਾਕ ਗੱਲ ਹੈ ਕਿ ਇਜ਼ਰਾਈਲ ਦੇਸ਼ ਫਲਸਤੀਨ ਦੇ ਖਾਤਮੇ ਦੇ ਰਾਹ ਤੁਰਿਆ ਹੋਇਆ ਹੈ ਪਰ ਬਾਕੀ ਸੰਸਾਰ ਚੁੱਪ ਵੱਟ ਕੇ ਫਲਸਤੀਨੀ ਲੋਕਾਂ 'ਤੇ ਹੋ ਰਹੇ ਜ਼ੁਲਮ ਨੂੰ ਵੇਖ ਰਿਹਾ ਹੈ। ਇਜ਼ਰਾਈਲ ਦਾ ਇਹ ਆਪਣਾ ਦੇਸ਼ ਵੀ ਨਹੀਂ ਹੈ। ਇਹ ਅਸਲ ਵਿੱਚ ਫਲਸਤੀਨੀਆਂ ਦਾ ਦੇਸ਼ ਹੈ। ਯਹੂਦੀਆਂ ਨੂੰ ਜਬਰਨ ਫਲਸਤੀਨ ਵਿੱਚ ਵਸਾ ਦਿੱਤਾ ਤੇ ਯਹੂਦੀਆਂ ਨੂੰ ਫਲਸਤੀਨੀਆਂ ਵਿਰੁੱਧ ਵਰਤਣਾ ਸ਼ੁਰੂ ਕਰ ਦਿੱਤਾ। ਉਥੇ ਇੱਕ ਫਲਸਤੀਨੀਆਂ ਦੀ ਅੱਤਵਾਦੀ ਜਥੇਬੰਦੀ ਹਮਾਸ ਹੈ। ਨਾ ਉਹ ਅਮਨ ਚੈਨ ਨਾਲ ਬੈਠਦੀ ਤੇ ਨਾ ਹੀ ਫਲਸਤੀਨੀਆਂ ਨੂੰ ਬੈਠਣ ਦਿੰਦੀ ਹੈ। ਹੁਣ ਕੁਝ ਅਮਨ ਚੈਨ ਸੀ ਤਾਂ ਹਮਾਸ ਨੇ ਯਹੂਦੀ ਇਲਾਕੇ 'ਤੇ ਰਾਕਟਾਂ ਦੀ ਵਰਖਾ ਕਰ ਦਿੱਤੀ ਤੇ ਇਸ ਬਦਲੇ ਯਹੂਦੀਆਂ ਨੇ ਫਲਸਤੀਨੀ ਨਸਲਘਾਤ ਕਰਨ ਦੀ ਲੜਾਈ ਸ਼ੁਰੂ ਕੀਤੀ ਹੋਈ ਹੈ। ਮਾੜੀਮੇਘਾ ਨੇ ਕਿਹਾ ਕਿ ਅਮਰੀਕਾ ਸਾਮਰਾਜ ਯਹੂਦੀਆਂ ਦੀ ਮਦਦ ਕਰ ਰਿਹਾ ਹੈ ਜੋ ਬਹੁਤ ਨਿੰਦਣਯੋਗ ਤੇ ਖਤਰਨਾਕ ਹੈ। ਇਹ ਮਦਦ ਫੌਰੀ ਤੌਰ 'ਤੇ ਬੰਦ ਹੋਣੀ ਚਾਹੀਦੀ ਹੈ ਤੇ ਲੜਾਈ ਵੀ ਸਾਂਝੀਆਂ ਧਿਰਾਂ ਰੋਕਣ ਲਈ ਅੱਗੇ ਆਉਣ। ਲੋੜ ਇਸ ਵੇਲੇ ਦੁਨੀਆ ਪੱਧਰ 'ਤੇ ਰੁਜ਼ਗਾਰ, ਵਿੱਦਿਆ ਤੇ ਘਰ ਦੀ ਪ੍ਰਾਪਤੀ ਦੀ ਹੈ। ਇਨ੍ਹਾਂ ਮੀਟਿੰਗਾਂ ਨੂੰ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਭਿੱਖੀਵਿੰਡ ਦੇ ਪ੍ਰਧਾਨ ਜਸਪਾਲ ਸਿੰਘ ਕਲਸੀਆਂ ਨੇ ਵੀ ਸੰਬੋਧਨ ਕੀਤਾ। ਮੌਕੇ 'ਤੇ ਪੂਹਲਾ ਪਿੰਡ ਦੀ ਚੋਣ ਵਿੱਚ ਪ੍ਰਧਾਨ ਕੁਲਵਿੰਦਰ ਕੌਰ, ਸਕੱਤਰ ਗਗਨਦੀਪ ਕੌਰ, ਮੀਤ ਪ੍ਰਧਾਨ ਮਨਪ੍ਰੀਤ ਕੌਰ, ਮੀਤ ਸਕੱਤਰ ਮਹਿੰਦਰ ਕੌਰ ਤੇ ਖਜ਼ਾਨਚੀ ਮਨਪ੍ਰੀਤ ਕੌਰ ਚੁਣੀ ਗਈ । ਇਸੇ ਤਰ੍ਹਾਂ ਬਾਸਰਕੇ ਵਿਖੇ ਪ੍ਰਧਾਨ ਕਿਰਨਜੀਤ ਕੌਰ, ਸਕੱਤਰ ਲਖਵਿੰਦਰ ਕੌਰ, ਮੀਤ ਪ੍ਰਧਾਨ ਜੋਧ ਪਾਲ ਕੌਰ, ਮੀਤ ਸਕੱਤਰ ਬਲਵਿੰਦਰ ਕੌਰ ਤੇ ਖਜ਼ਾਨਚੀ ਬੀਬੀ ਸੁੱਖੋ ਚੁਣੀ ਗਈ।

ਖੇਤ ਪ੍ਰਦਰਸ਼ਨੀ ਦੌਰਾਨ ਸਿਖਲਾਈ ਪ੍ਰੋਗਰਾਮ ਆਯੋਜਿਤ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਖੇਤਰੀ ਖੋਜ ਕੇਂਦਰ ਵੱਲੋਂ ਖੇਤ ਪ੍ਰਦਰਸ਼ਨੀ ਦੌਰਾਨ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵੱਲੋਂ ਨਬਾਰਡ ਦੁਆਰਾ ਦਿੱਤੀ ਵਿੱਤੀ ਸਹਾਇਤਾ ਨਾਲ ਚੱਲ ਰਹੇ ਪ੍ਰੋਜੈਕਟ ਅਧੀਨ ਪਿੰਡ ਸਾਧੂਚੱਕ ਵਿਖੇ ਬਾਸਮਤੀ ਵਿੱਚ ਜਿੰਕ ਅਤੇ ਲੋਹੇ ਦੀ ਬਾਇਓਫੋਰਟੀਫਕੇਸ਼ਨ ਸਬੰਧੀ ਖੇਤ ਪ੍ਰਦਰਸ਼ਨੀ ਦੌਰਾਨ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ 25 ਵਿਦਿਆਰਥੀਆਂ ਨੇ ਭਾਗ ਲਿਆ।

ਇਸ ਮੌਕੇ ਡਾਕਟਰ ਗਾਇਤਰੀ ਵਰਮਾ, ਭੂਮੀ ਵਿਗਿਆਨੀ ਨੇ ਕਿਸਾਨਾਂ ਨੂੰ ਬਾਸਮਤੀ ਚੋਲਾਂ ਦੀ ਗੁਣਵੱਤਾ ਅਤੇ ਗੁਣਵੱਤਾ ਅਤੇ ਪੌਸ਼ਟਿਕ ਮੁੱਲ ਨੂੰ ਵਧਾਉਣ ਲਈ ਵਿਗਿਆਨਿਕ ਢੰਗ ਤਰੀਕਿਆਂ ਬਾਰੇ ਖੇਤ ਵਿੱਚ ਪ੍ਰਯੋਗੀ ਜਾਣਕਾਰੀ ਦਿੱਤੀ। ਡਾਕਟਰ ਸਤਵਿੰਦਰਜੀਤ ਕੌਰ ਸਹਿਜੋਗੀ ਪ੍ਰੋਫੈਸਰ ਕ੍ਰਿਸੀ ਵਿਗਿਆਨ ਕੇਂਦਰ ਗੁਰਦਾਸਪੁਰ ਨੇ ਸਿਖਿਆਰਥੀਆਂ ਨੂੰ ਬਾਸਮਤੀ ਚੌਲਾਂ ਵਿੱਚ ਜਿੰਕ ਅਤੇ ਲੋਹੇ ਦੀ ਮਾਤਰਾ ਨੂੰ ਵਧਾਉਣ ਲਈ ਅਤੇ ਮਨੁੱਖੀ ਸਿਹਤ ਲਈ ਉਸਦੇ ਫਾਇਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਕਿਸਾਨਾਂ ਦੇ ਸ਼ੰਕਿਆਂ ਦਾ ਨਿਵਾਰਨ ਕੀਤਾ। ਪਿੰਡ ਸਾਧੂ ਚੱਕ ਦੇ ਅਗਾਂਹਵਧੂ ਕਿਸਾਨ ਕਸ਼ਮੀਰ ਕੁਮਾਰ ਦੇ ਖੇਤਾਂ ਵਿੱਚ ਪ੍ਰੈਕਟੀਕਲ ਟਰੇਨਿੰਗ ਦਿੰਦੇ ਹੋਏ ਤਕਨੀਕੀ ਨੁਕਤੇ ਸਾਂਝੇ ਕੀਤੇ।

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੈਰੋਂ 'ਚ ਪਰਾਲੀ ਪ੍ਰਬੰਧਨ ਸਬੰਧੀ ਜਾਣਕਾਰੀ ਦਿੱਤੀ

ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਹਰਪਾਲ ਸਿੰਘ ਪੰਨੂ ਦੀ ਦੇਖ ਰੇਖ ਤਹਿਤ ਸੂਚਨਾ , ਸਿੱਖਿਆ ਤੇ ਪ੍ਰਸਾਰ ਗਤੀਵਿਧੀਆਂ ਸਬੰਧੀ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਪੱਟੀ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੈਰੋਂ ਵਿਖੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਐਸ ਡੀ ਐਮ ਪੱਟੀ ਰਜੇਸ਼ ਸ਼ਰਮਾ ਨੇ ਪਰਾਲੀ ਪ੍ਰਬੰਧਨ ਸਬੰਧੀ ਵਿਦਿਆਰਥਣਾਂ ਦੁਆਰਾ ਪੇਸ਼ ਕੀਤੇ ਭਾਸ਼ਣ , ਕਵਿਤਾ ਅਤੇ ਪੋਟਿੰਗ ਆਦਿ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਬੱਚੇ ਆਪਣੇ ਮਾਤਾ ਪਿਤਾ ਅਤੇ ਨਜ਼ਦੀਕੀਆਂ ਨੂੰ ਪਰਾਲੀ ਸਾੜਨ ਤੋਂ ਹੁੰਦੇ ਨੁਕਸਾਨ ਬਾਰੇ ਦੱਸਣਗੇ। ਇਸ ਮੌਕੇ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਪੱਟੀ ਨੇ ਵਿਦਿਆਰਥਣਾਂ ਅਤੇ ਸਕੂਲ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਜਾਣਕਾਰੀ ਦਿੱਤੀ ਕਿ ਪਰਾਲੀ ਨੂੰ ਸਾੜਨ ਨਾਲ ਬਹੁਮੁੱਲੇ ਖੁਰਾਕੀ ਤੱਤ ਸੜ ਜਾਂਦੇ ਹਨ, ਜ਼ਮੀਨ ਵਿੱਚ ਪਾਏ ਜਾਂਦੇ ਬਹੁ ਉਪਯੋਗੀ ਮਿੱਤਰ ਜੀਵਾਂ ਦਾ ਘਾਣ ਹੋ ਜਾਂਦਾ ਹੈ ਅਤੇ ਪਰਾਲੀ ਨੂੰ ਲਗਾਏ ਲਾਂਬੂਆਂ ਨਾਲ ਪੈਦਾ ਹੋਇਆ ਧੂੰਆਂ ਮਨੁੱਖ, ਫਸਲਾਂ ਅਤੇ ਦੂਜੇ ਜੀਵ ਜੰਤੂਆਂ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੈਪੀ ਸੀਡਰ, ਸੁਪਰ ਸੀਡਰ ਅਤੇ ਸਰਵੇਸ ਸੀਡਰ ਨਾਲ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ ਜਦਕਿ ਬੇਲਰ ਨਾਲ ਪਰਾਲੀ ਦੀਆਂ ਗੱਠਾਂ ਬਣਾ ਕੇ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਡਾ. ਹਰਮਨਦੀਪ ਕੌਰ ਏ ਡੀ ਓ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਅੱਜ ਹਰੇਕ ਖੇਤਰ ਵਿੱਚ ਅੱਗੇ ਵਧ ਰਹੀਆਂ ਹਨ, ਇਸ ਲਈ ਉਨ੍ਹਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਵੀ ਯੋਗਦਾਨ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਪ੍ਰਿੰਸੀਪਲ ਰਵਨੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਉਨ੍ਹਾਂ ਦੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥਣਾਂ ਪਰਾਲੀ ਪ੍ਰਬੰਧਨ ਦੇ ਲਈ ਨਿਰੰਤਰ ਯਤਨ ਕਰਦੇ ਰਹਿਣਗੇ। ਸਟੇਜ ਸੰਚਾਲਨ ਦਾ ਕੰਮ ਰਣਜੀਤ ਸਿੰਘ ਸਾਇੰਸ ਅਧਿਆਪਕ ਨੇ ਬਾਖੂਬੀ ਨਿਭਾਇਆ। ਵੱਖ ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਮੁੱਖ ਮਹਿਮਾਨ ਐਸ ਡੀ ਐਮ ਪੱਟੀ ਰਾਹੀਂ ਸਨਮਾਨਤ ਕੀਤਾ।

ਪੰਜਾਬ ਜਵਾਹਰ ਬਾਲ ਮੰਚ ਪੰਜਾਬ ਦਾ ਚੇਅਰਮੈਨ ਬਣਨ 'ਤੇ ਸਿੱਧੂ ਨੂੰ ਵਧਾਈ

ਝਬਾਲ (ਹਰਜਿੰਦਰ ਸਿੰਘ ਸੋਨੀ)-ਜਗਸੀਰ ਸਿੱਧੂ ਨੂੰ ਪੰਜਾਬ ਜਵਾਹਰ ਬਾਲ ਮੰਚ ਪੰਜਾਬ ਦਾ ਚੇਅਰਮੈਨ ਬਣਨ 'ਤੇ ਰਾਜਾ ਵੜਿੰਗ ਪੰਜਾਬ ਕਾਂਗਰਸ ਪ੍ਰਧਾਨ, ਸਾਬਕਾ ਮੰਤਰੀ ਆਸ਼ੂ, ਸੰਦੀਪ ਸੰਧੂ ਜਨਰਲ ਸੈਕਟਰੀ, ਮੈਡਮ ਗੁਰਮਿੰਦਰ ਰੰਧਾਵਾ ਪ੍ਰਧਾਨ ਪੰਜਾਬ ਮਹਿਲਾ ਕਾਂਗਰਸ ਨੇ ਮੂੰਹ ਮਿੱਠਾ ਕਰਵਾਇਆ ਤੇ ਸਰਿਆਂ ਨੇ ਵਧਾਈਆਂ ਦਿੱਤੀਆਂ। ਇਸ ਸਮੇ ਓਂਕਾਰ ਸੋਹਲ ਜ਼ਿਲਾ ਯੂਥ ਕਾਂਗਰਸ ਪ੍ਰਧਾਨ ਤਰਨ ਤਾਰਨ, ਸਿਮਰਨ ਬਰਾੜ ਸਾਬਕਾ ਜ਼ਿਲ੍ਹਾ ਪ੍ਰਧਾਨ ਫਰੀਦਕੋਟ, ਹਰਮਨ ਬਾਗ਼ੜੀਆਂ ਸਪੋਕਸਪਰਸਨ ਇੰਡੀਅਨ ਯੂਥ ਕਾਂਗਰਸ, ਅਰਸ਼ ਬੁੱਟਰ, ਦੀਪ ਨਿੱਕਾ ਭੁੱਚਰ ਆਦਿ ਨੇ ਵੀ ਵਧਾਈ ਦਿੱਤੀ ਤੇ ਕਿਹਾ ਕਿ ਜਗਸੀਰ ਸਿੰਘ ਸਿੱਧੂ ਦੇ ਚੇਅਰਮੈਨ ਬਣਨ ਨਾਲ ਯੂਥ ਕਾਂਗਰਸ ਵਿੱਚ ਪਹਿਲਾਂ ਨਾਲੋਂ ਹੋਰ ਵੀ ਜੋਸ਼ ਭਰਿਆ ਜਾਵੇਗਾ ਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਬਣਾਈ ਜਾਵੇਗੀ ਤੇ ਭਾਜਪਾ ਦਾ ਦੇਸ਼ ਵਿੱਚੋਂ ਸਫਾਇਆ ਕੀਤਾ ਜਾਵੇਗਾ।

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਵਿੱਦਿਅਕ/ਧਾਰਮਿਕ ਟੂਰ ਲਗਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੁਰੂ ਗੋਬਿੰਦ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਨੇ ਸਾਇੰਸ ਸਿਟੀ ਤੇ ਧਾਰਮਿਕ ਸਥਾਨਾਂ ਦਾ ਦੋ ਦਿਨਾ ਵਿੱਦਿਅਕ ਟੂਰ ਲਗਾਇਆ। ਇਹ ਟੂਰ ਪਹਿਲੇ ਦਿਨ ਸਕੂਲ ਤੋਂ ਚੱਲ ਕੇ ਸਾਇੰਸ ਸਿਟੀ ਕਪੂਰਥਲਾ ਪਹੁੰਚਿਆ ਜਿੱਥੇ ਬੱਚਿਆਂ ਨੇ ਸਿਮੂਲੇਟਰ, ਥਰੀ ਡੀ ਸ਼ੋਅ ਅਤੇ ਲੇਜ਼ਰ ਸ਼ੋਅ ਦਾ ਆਨੰਦ ਮਾਣਿਆਂ। ਇਸ ਤੋਂ ਇਲਾਵਾ ਬੱਚਿਆਂ ਨੇ ਵਿਗਿਆਨ ਨਾਲ ਸਬੰਧਿਤ ਵੱਖ ਵੱਖ ਪ੍ਰੈਕਟੀਕਲ ਵੀ ਕੀਤੇ। ਅਖੀਰ ਵਿੱਚ ਡਾਇਨਾਸੋਰ ਪਾਰਕ ਵਿੱਚ ਜਾ ਕੇ ਡਾਇਨਾਸੋਰਜ਼ ਬਾਰੇ ਅਤੇ ਕਲਾਈਮੇਟ ਥਿਏਟਰ ਵਿੱਚ ਪ੍ਰਦੂਸ਼ਣ ਦੇ ਕਾਰਨਾਂ ਅਤੇ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਹਾਸਿਲ ਕੀਤੀ। ਰਾਤ ਸਮੇ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ ਤੇ ਇਥੇ ਹੀ ਵਿਸ਼ਰਾਮ ਕੀਤਾ। ਦੂਜੇ ਦਿਨ ਗੁਰਦੁਆਰਾ ਹੱਟ ਸਾਹਿਬ, ਗੁਰਦੁਆਰਾ ਬੇਬੇ ਨਾਨਕੀ ਅਤੇ ਬੇਬੇ ਨਾਨਕੀ ਦੇ ਪੁਰਾਤਨ ਘਰ ਦੇ ਦਰਸ਼ਨ ਕਰਨ ਮਗਰੋਂ ਵਿਦਿਆਰਥੀ ਗੋਇੰਦਵਾਲ ਸਾਹਿਬ ਵਿਖੇ ਪਹੁੰਚੇ ਜਿੱਥੇ ਬੱਚਿਆਂ ਨੇ ਗੁਰਦੁਆਰਾ ਬਾਉਲੀ ਸਾਹਿਬ ਤੇ ਗੁਰਦੁਆਰਾ ਚੁਬਾਰਾ ਸਾਹਿਬ ਦੇ ਵੀ ਦਰਸ਼ਨ ਕੀਤੇ। ਇਥੋਂ ਚੱਲ ਕੇ ਗੁਰੂ ਅੰਗਦ ਜੀ ਦੇ ਵਸਾਏ ਹੋਏ ਨਗਰ ਖਡੂਰ ਸਾਹਿਬ ਵਿਖੇ ਵੀ ਗੁਰੂ ਘਰਾਂ ਦੇ ਦਰਸ਼ਨ ਕੀਤੇ। ਅਖੀਰ ਵਿੱਚ ਵਿਦਿਆਰਥੀ ਜੰਡਿਆਲਾ ਹਵੇਲੀ ਵੀ ਗਏ ਜਿੱਥੇ ਵਿਦਿਆਰਥੀਆਂ ਨੇ ਪੁਰਾਤਨ ਪੰਜਾਬ ਦੇ ਪਿੰਡਾਂ ਦੀ ਝਲਕ ਵੇਖੀ ਤੇ ਵੱਖੋ-ਵੱਖ ਝਾਕੀਆਂ ਨਾਲ ਤਸਵੀਰਾਂ ਖਿੱਚ ਕੇ ਪੂਰਾ ਅਨੰਦ ਮਾਣਿਆ।

ਬੇਲੋੜੀਆਂ ਵਸਤਾਂ ਤੋਂ ਫੁੱਲ ਸਿਰਜਣ ਮੁਕਾਬਲਾ ਕਰਵਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਵਿਦਿਆਰਥੀਆਂ ਦੀ ਕਲਾ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨ ਲਈ ਇੱਕ ਅਜਿਹੀ ਗਤੀਵਿਧੀ ਕਰਵਾਈ ਜਿਸ ਵਿੱਚ ਵਿਦਿਆਰਥੀਆਂ ਨੇ ਰੰਗ-ਬਰੰਗੇ ਕਾਗਜ਼ਾਂ ਅਤੇ ਬੇਲੋੜੀਆਂ ਵਸਤੂਆਂ ਤੋਂ ਸੁੱਕੇ ਫੁੱਲ ਬਣਾਏ ਅਤੇ ਉਨ੍ਹਾਂ ਦੀ ਸਜਾਵਟ ਕਰਦਿਆਂ ਗੁਲਦਸਤੇ ਤਿਆਰ ਕੀਤੇ। ਇਸ ਗਤੀਵਿਧੀ ਵਿੱਚ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਬੜੀ ਉਤਸੁਕਤਾ ਅਤੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਇਸ ਰਚਨਾਤਮਕ ਕਲਾ ਰਾਹੀਂ ਸਭ ਨੂੰ ਹੈਰਾਨ ਕਰ ਦਿੱਤਾ। ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਨੇ ਖੂਬਸੂਰਤ ਫੁੱਲ, ਫੁੱਲਦਾਨ, ਗੁਲਦਸਤੇ ਆਦਿ ਬਣਾਏ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਸਭ ਵਿਦਿਆਰਥੀਆਂ ਦੀ ਮਿਹਨਤ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਹਮੇਸ਼ਾ ਲੋਕਾਂ ਸਾਹਮਣੇ ਆਪਣੀ ਕਲਾ ਨੂੰ ਪ੍ਰਦਰਸ਼ਿਤ ਕਰਨ ਲਈ ਪ੍ਰੇਰਿਤ ਕੀਤਾ।

ਸਰਕਾਰੀ ਹਾਈ ਸਕੂਲ ਤੁਗਲਵਾਲਾ ਦੇ ਖਿਡਾਰੀਆਂ ਨਾਮਣਾ ਖੱਟਿਆ

**ਕਾਦੀਆ (ਯਾਦਵਿੰਦਰ

20-oct-PAGE-4-2.qxd 10/19/2023 11:00 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 20 ਅਕਤੂਬਰ 2023

ਅਸਲ ਗੁਨਾਹਗਾਰ ਅਮਰੀਕਾ

ਹਮਾਸ ਤੇ ਇਜ਼ਰਾਈਲ ਵਿੱਚ ਛਿੜੇ ਯੁੱਧ ਨੇ ਇੱਕ ਵਾਰ ਫਿਰ ਅਮਰੀਕੀ ਅਗਵਾਈ ਵਾਲੇ ਪੱਛਮੀ ਦੇਸ਼ਾਂ ਦਾ ਮਨੁੱਖਤਾ ਵਿਰੋਧੀ ਪਸ਼ੂ ਬਿਰਤੀ ਵਾਲਾ ਚਿਹਰਾ ਬੇਨਕਾਬ ਕਰ ਦਿੱਤਾ ਹੈ। ਇਹ ਅਮਰੀਕਾ ਹੀ ਸੀ, ਜਿਸ ਨੇ ਹਮਾਸ ਨੂੰ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ ਐੱਲ ਓ) ਵਿਰੁੱਧ ਇਸ ਲਈ ਖੜ੍ਹਾ ਕੀਤਾ ਸੀ, ਕਿਉਂਕਿ ਪੀ ਐੱਲ ਓ ਦੇ ਮੁਖੀ ਯਾਸਰ ਅਰਾਫਾਤ ਸੋਵੀਅਤ ਕੈਂਪ ਦੇ ਹਮੈਤੀ ਸਨ। ਇਹ ਉਸੇ ਤਰ੍ਹਾਂ ਸੀ, ਜਿਸ ਤਰ੍ਹਾਂ ਅਫ਼ਗਾਨਿਸਤਾਨ ਵਿੱਚ ਸੋਵੀਅਤ ਯੂਨੀਅਨ ਨੂੰ ਮਾਤ ਦੇਣ ਲਈ ਲਾਦੇਨ ਦੀ ਅਗਵਾਈ ਵਿੱਚ ਤਾਲਿਬਾਨ ਖੜ੍ਹੇ ਕੀਤੇ ਗਏ ਸਨ। ਅਸਲ ਵਿੱਚ ਅਮਰੀਕਾ ਸੰਸਾਰ ਅਮਨ ਦਾ ਦੁਸ਼ਮਣ ਹੈ, ਇਸ ਲਈ ਉਹ ਪਹਿਲਾਂ ਅੱਤਵਾਦ ਨੂੰ ਖੜ੍ਹਾ ਕਰਦਾ ਹੈ ਤੇ ਫਿਰ ਉਸ ਵਿਰੁੱਧ ਲੜ ਕੇ ਦੁਨੀਆ ਦਾ ਚੈਂਪੀਅਨ ਬਣ ਜਾਂਦਾ ਹੈ।

ਅਮਰੀਕਾ ਇਸ ਸਮੇਂ ਗਹਿਰੇ ਸੰਕਟ ਵਿੱਚ ਫਸਿਆ ਹੋਇਆ ਹੈ। ਡਾਲਰ ਦੀ ਤਾਕਤ ਖ਼ਤਮ ਹੋ ਚੁੱਕੀ ਹੈ। ਇਸ ਸਮੇਂ ਅਮਰੀਕਾ 'ਤੇ 33 ਟ੍ਰਿਲੀਅਨ ਡਾਲਰ ਦਾ ਕਰਜ਼ਾ ਹੈ, ਜਦੋਂ ਕਿ ਉਸ ਦੀ ਅਰਥ-ਵਿਵਸਥਾ 21 ਟ੍ਰਿਲੀਅਨ ਡਾਲਰ ਦੀ ਹੈ। ਦੂਜੇ ਪਾਸੇ ਚੀਨ ਤੇ ਰੂਸ ਮਿਲ ਕੇ ਉਸ ਨੂੰ ਹਰ ਖੇਤਰ ਵਿੱਚ ਮਾਤ ਦੇ ਰਹੇ ਹਨ। ਦੋ ਦਿਨ ਪਹਿਲਾਂ ਬੀਜਿੰਗ ਵਿੱਚ ਹੋਈ 130 ਦੇਸ਼ਾਂ ਦੀ ਮੀਟਿੰਗ ਨੇ ਅਮਰੀਕਾ ਦੀ ਸੰਸਾਰ ਸਰਦਾਰੀ ਨੂੰ ਚੁਣੌਤੀ ਦੇ ਦਿੱਤੀ ਹੈ। ਮੱਧ-ਪੂਰਬ ਦੇ ਬਹੁਤੇ ਦੇਸ਼ਾਂ ਦੇ ਸ਼ਾਸਕ ਅਮਰੀਕਾ ਦੀਆਂ ਕਠਪੁਤਲੀਆਂ ਬਣੇ ਰਹੇ ਹਨ। ਕੁਝ ਮਹੀਨੇ ਪਹਿਲਾਂ ਦਹਾਕਿਆਂ-ਬੱਧੀ ਇੱਕ-ਦੂਜੇ ਦੇ ਜਾਨੀ ਦੁਸ਼ਮਣ ਬਣੇ ਰਹੇ ਸਾਊਦੀ ਅਰਬ ਤੇ ਈਰਾਨ ਦੀਆਂ ਚੀਨ ਦੀ ਵਿਚੋਲਗੀ ਨਾਲ ਜੱਫੀਆਂ ਪੈ ਗਈਆਂ ਤਾਂ ਅਮਰੀਕਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਉਦੋਂ ਤੋਂ ਹੀ ਇਹ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਸੀ ਕਿ ਇਸ ਸੰਕਟ ਵਿੱਚੋਂ ਨਿਕਲਣ ਲਈ ਅਮਰੀਕਾ ਯੁੱਧ ਦਾ ਸਹਾਰਾ ਲੈ ਸਕਦਾ ਹੈ। ਅਮਰੀਕਾ ਦੁਨੀਆ ਵਿੱਚ ਹਥਿਆਰਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ। ਪੂੰਜੀਵਾਦੀ ਅਰਥ-ਵਿਵਸਥਾ ਜਦੋਂ ਵੀ ਸੰਕਟ ਵਿੱਚ ਪੈਂਦੀ ਹੈ ਤਾਂ ਉਹ ਯੁੱਧ ਦਾ ਹੀ ਸਹਾਰਾ ਲੈਂਦੀ ਹੈ। ਦੂਜਾ ਵਿਸ਼ਵ ਯੁੱਧ ਵੀ ਮੰਦਵਾੜੇ ਵਿੱਚੋਂ ਨਿਕਲਣ ਲਈ ਛੇੜਿਆ ਗਿਆ ਸੀ। ਹਥਿਆਰੀ ਸਨਅਤ ਦੇ ਉਤਪਾਦਨ ਨੂੰ ਤੇਜ਼ ਕਰਨ ਲਈ ਪਹਿਲਾਂ ਯੂਕਰੇਨ ਤੇ ਹੁਣ ਇਜ਼ਰਾਈਲ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਹੈ। ਇਜ਼ਰਾਈਲ ਦੀ ਮਦਦ ਦੇ ਨਾਂਅ ਉੱਤੇ ਦੋ ਜੰਗੀ ਬੇੜੇ ਸਮੁੰਦਰ ਵਿੱਚ ਭੇਜ ਦਿੱਤੇ ਗਏ ਹਨ। ਇਹ ਫਲਸਤੀਨੀਆਂ ਨੂੰ ਹੀ ਨਹੀਂ, ਸਗੋਂ ਮੱਧ-ਪੂਰਬ ਦੇ ਸਾਰੇ ਦੇਸ਼ਾਂ ਨੂੰ ਡਰਾਉਣ ਲਈ ਹਨ। ਆਪਣੇ ਬਚਾਅ ਲਈ ਇਹ ਸਾਰੇ ਦੇਸ਼ ਹੁਣ ਹਥਿਆਰ ਖਰੀਦਣਗੇ। ਇਹੋ ਨਹੀਂ ਸੰਸਾਰ ਜੰਗ ਦੀ ਸੰਭਾਵਨਾ ਦੇ ਡਰ ਕਾਰਨ ਭਾਰਤ ਵਰਗੇ ਦੂਰ ਵਾਲੇ ਦੇਸ਼ਾਂ ਨੇ ਵੀ ਆਪਣੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਆਰਡਰ ਦੇਣੇ ਸ਼ੁਰੂ ਕਰ ਦਿੱਤੇ ਹਨ।

ਅਮਰੀਕਾ ਦਾ ਇਹੋ ਰਾਖਸ਼ੀ ਚਿਹਰਾ ਹੈ। ਉਸ ਨੂੰ ਦੁਨੀਆ ਦੇ ਬਾਕੀ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਚਿੰਤਾ ਰਹਿੰਦੀ ਹੈ, ਪਰ ਜਦੋਂ ਇਜ਼ਰਾਈਲ ਵੱਲੋਂ ਕੀਤੀ ਗਈ ਬੰਬਾਰੀ ਨਾਲ ਗਾਜ਼ਾ ਦੇ ਹਸਪਤਾਲ ਵਿੱਚ 500 ਤੋਂ ਵੱਧ ਬੇਗੁਨਾਹ, ਜਿਨ੍ਹਾਂ ਵਿੱਚ ਅੱਧੋਂ-ਵੱਧ ਬੱਚੇ ਸਨ, ਮਾਰੇ ਗਏ ਤਾਂ ਅਮਰੀਕੀ ਰਾਸ਼ਟਰਪਤੀ ਇਜ਼ਰਾਈਲ ਨੂੰ ਬੇਗੁਨਾਹ ਸਾਬਤ ਕਰਨ ਲਈ ਕਿੰਤੂ-ਪ੍ਰੰਤੂ ਕਰ ਰਿਹਾ ਹੈ। ਯੁੱਧ ਦੇ ਵੀ ਮਾਨਵੀ ਕਾਨੂੰਨ ਹੁੰਦੇ ਹਨ। ਸ਼ਾਇਦ ਹੀ ਕੋਈ ਯੁੱਧ ਹੋਵੇ, ਜਦੋਂ ਕਿਸੇ ਹਸਪਤਾਲ ਜਾਂ ਸਕੂਲ 'ਤੇ ਬੰਬਾਰੀ ਕੀਤੀ ਗਈ ਹੋਵੇ। ਸੰਯੁਕਤ ਰਾਸ਼ਟਰ ਦਾ ਵੀ ਪੱਖਪਾਤੀ ਚਿਹਰਾ ਨੰਗਾ ਹੋ ਗਿਆ ਹੈ। ਯੂਕਰੇਨ ਜੰਗ ਵਿੱਚ ਅਜਿਹੇ ਦੋਸ਼ ਹੇਠ ਤਾਂ ਉਸ ਨੇ ਰੂਸ ਦੇ ਰਾਸ਼ਟਰਪਤੀ ਪੂਤਿਨ ਨੂੰ ਜੰਗ ਅਪਰਾਧੀ ਐਲਾਨਿਆ ਹੋਇਆ ਹੈ, ਪਰ ਇਜ਼ਰਾਈਲ ਦੇ ਨੇਤਨਯਾਹੂ ਬਾਰੇ ਉਸ ਨੇ ਚੁੱਪ ਵੱਟ ਰੱਖੀ ਹੈ।

ਗਾਜ਼ਾ ਪੱਟੀ ਵਿਰੁੱਧ ਜੰਗ ਇਜ਼ਰਾਈਲ ਨਹੀਂ ਅਸਲ ਵਿੱਚ ਅਮਰੀਕਾ ਲੜ ਰਿਹਾ ਹੈ। ਉਸ ਦਾ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਪਿਛਲੇ ਇੱਕ ਹਫ਼ਤੇ ਤੋਂ ਮੱਧ-ਪੂਰਬ ਵਿੱਚ ਡੇਰਾ ਲਈ ਬੈਠਾ ਹੈ ਤੇ ਦੇਖ ਰਿਹਾ ਹੈ ਕਿ ਕੋਈ ਹੋਰ ਦੇਸ਼ ਫਲਸਤੀਨ ਦੇ ਹੱਕ ਵਿੱਚ ਖੜ੍ਹਾ ਨਾ ਹੋ ਜਾਵੇ । ਉਹ ਕਤਰ, ਜਾਰਡਨ, ਮਿਸਰ ਤੇ ਬਹਿਰੀਨ ਤੱਕ ਦੀ ਯਾਤਰਾ ਤੋਂ ਬਾਅਦ ਹੁਣ ਇਜ਼ਰਾਈਲ ਵਿੱਚ ਬਹਿ ਕੇ ਰਣਨੀਤੀ ਘੜ ਰਿਹਾ ਹੈ। ਐਂਟਨੀ ਬਲਿੰਕਨ ਤੋਂ ਬਾਅਦ ਹੁਣ ਰਾਸ਼ਟਰਪਤੀ ਬਾਈਡੇਨ ਖੁਦ ਮੋਰਚੇ 'ਤੇ ਪਹੁੰਚ ਗਿਆ ਹੈ। ਇੱਕ ਪਾਸੇ ਅਮਰੀਕਾ ਫਲਸਤੀਨ ਦੀ ਮਦਦ ਦਾ ਪਖੰਡ ਕਰ ਰਿਹਾ ਹੈ, ਦੂਜੇ ਪਾਸੇ ਸੰਯੁਕਤ ਰਾਸ਼ਟਰ ਵਿੱਚ ਜੰਗਬੰਦੀ ਦੇ ਮਤੇ ਨੂੰ ਵੀਟੋ ਕਰਕੇ ਆਪਣੇ ਕਰੂਰ ਚਿਹਰੇ ਨੂੰ ਬੇਪਰਦ ਕਰ ਰਿਹਾ ਹੈ। ਸਾਰੀ ਦੁਨੀਆ ਹੁਣ ਜਾਣ ਚੁੱਕੀ ਹੈ ਕਿ ਅਮਰੀਕੀ ਹਾਕਮਾਂ ਦੇ ਹੱਥ ਬੇਗੁਨਾਹ ਬੱਚਿਆਂ ਤੇ ਔਰਤਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਇਹ ਲੜਾਈ ਕਿੰਨਾ ਚਿਰ ਚੱਲੇਗੀ, ਕਿਹਾ ਨਹੀਂ ਜਾ ਸਕਦਾ, ਪਰ ਅਮਰੀਕਾ ਇਸ ਰਾਹੀਂ ਆਪਣੀ ਸੰਸਾਰ ਸਰਦਾਰੀ ਕਾਇਮ ਰੱਖ ਸਕੇਗਾ, ਇਹ ਸੰਭਵ ਨਹੀਂ ਹੈ। ਉਸ ਦਾ ਹਾਰਨਾ ਯਕੀਨੀ ਹੈ।

-ਚੰਦ ਫਤਿਹਪੁਰੀ

ਮੌਤ ਵੱਲ ਤੇਜ਼ੀ ਦਾ ਸੁਨੇਹਾ ਹੈ ਪਲੀਤ ਹਵਾ

ਗੁਰਚਰਨ ਸਿੰਘ ਨੂਰਪੁਰ

ਅਸੀਂ ਸਾਰੇ ਇੱਕ ਧੀਮੀ ਮੌਤ ਵੱਲ ਵਧ ਰਹੇ ਹਾਂ। ਮੌਤ ਦੇ ਇਸ ਮਜ਼ਿਰ ਦਾ ਸਿਰਜਕ ਮਨੁੱਖ ਆਪ ਹੈ। ਸਾਡਾ ਆਲਾ-ਦੁਆਲਾ ਸਾਨੂੰ ਦੱਸਣ ਲੱਗ ਪਿਆ ਹੈ ਕਿ ਅਸੀਂ ਵਿਕਾਸ ਨਹੀਂ ਕੀਤਾ, ਬਲਕਿ ਆਪਣੇ ਅਤੇ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਵਿਨਾਸ਼ ਦਾ ਮੁੱਢ ਬੰਨ੍ਹਿਆ ਹੈ। ਧੂੰਏਂ, ਘੱਟੇ-ਮਿੱਟੀ ਅਤੇ ਕਾਲਖ ਦੀ ਗਰਦ ਵਿੱਚ ਸਾਹ ਲੈਣਾ ਔਖਾ ਹੋਇਆ ਪਿਆ ਹੈ। ਹਵਾ ਵਿੱਚ ਏਨਾ ਜ਼ਿਆਦਾ ਪ੍ਰਦੂਸ਼ਣ ਹੈ ਕਿ ਮਾਹਰ ਦੱਸਦੇ ਹਨ ਕਿ ਹਰ ਵਿਅਕਤੀ ਰੋਜ਼ਾਨਾ ਤਿੰਨ ਦਰਜਨ ਸਿਗਰਟਾਂ ਜਿੰਨਾ ਧੂੰਆਂ ਅੰਦਰ ਖਿੱਚ ਰਿਹਾ ਹੈ। ਪ੍ਰਦੂਸ਼ਣ ਰੂਪੀ ਜ਼ਹਿਰ ਦੀਆਂ ਸਿਲਾਈਆਂ ਲਗਾਤਾਰ ਅੱਖਾਂ ਵਿੱਚ ਪੈ ਰਹੀਆਂ ਹਨ। ਨਿੱਕੇ ਬੱਚੇ ਤੇਜ਼ੀ ਨਾਲ ਬਿਮਾਰ ਹੋ ਰਹੇ ਹਨ। ਇਹ ਮਾਸੂਮ ਬਿਨਾਂ ਕਿਸੇ ਜੁਰਮ ਦੇ ਸਾਡੇ ਅਖੌਤੀ ਵਿਕਾਸ ਦੀ ਸਜ਼ਾ ਭੁਗਤ ਰਹੇ ਹਨ। ਦਵਾਈਆਂ, ਟੀਕਿਆਂ ਦੀ ਮਦਦ ਨਾਲ ਸਾਹ ਲੈ ਰਹੇ ਹਨ। ਇਹਨਾਂ 'ਚੋਂ ਕਿੰਨੇ ਮਸੂਮ ਸਾਡੇ ਇਸ ਅਖੌਤੀ ਵਿਕਾਸ ਦੀ ਭੇਟ ਚੜ੍ਹ ਜਾਣਗੇ? ਸਾਨੂੰ ਅਤੇ ਸਾਡੇ ਸਮਾਜ ਦੇ ਤੰਤਰ ਨੂੰ ਚਲਾਉਣ ਵਾਲਿਆਂ ਨੇ ਨਾ ਕਦੇ ਅਜਿਹਾ ਫਿਕਰ ਜ਼ਾਹਿਰ ਕੀਤਾ ਹੈ ਅਤੇ ਨਾ ਇਸ ਦੀ ਕਦੀ ਲੋੜ ਸਮਝੀ ਹੈ।

ਕਈ ਦਿਨਾਂ ਤੋਂ ਪੰਛੀ ਬਹੁਤ ਘੱਟ ਬੋਲਦੇ ਹਨ। ਨਿੱਕੇ-ਨਿੱਕੇ ਪੰਛੀਆਂ ਖਾਸ ਕਰਕੇ ਚਿੜੀਆਂ ਨੇ ਚਹਿਕਣਾ ਘੱਟ ਕਰ ਦਿੱਤਾ ਹੈ। ਇਹਨਾਂ ਮਾਸੂਮ ਜ਼ਿੰਦਾਂ ਲਈ ਗਰਦ-ਗੁਬਾਰ ਵਿੱਚ ਉੱਡਣਾ, ਸਾਹ ਲੈਣਾ ਅਤੇ ਚੋਗਾ ਲੱਭਣਾ ਮੁਸ਼ਕਲ ਹੋ ਜਾਂਦਾ ਹੈ। ਹਵਾਵਾਂ ਵਿੱਚ ਘੁਲੇ ਇਸ ਜ਼ਹਿਰ ਨਾਲ ਕਿੰਨੀਆਂ ਹੀ ਇਹ ਮਾਲੂਕ ਜ਼ਿੰਦਾਂ ਦਮ ਘੁੱਟ ਕੇ ਮਰ ਜਾਣਗੀਆਂ। ਪਿਛਲੇ ਕਈ ਸਾਲਾਂ ਤੋਂ ਇਹਨਾਂ ਦਿਨਾਂ ਵਿੱਚ ਧੂੰਏ ਅਤੇ ਗਰਦ-ਗੁਬਾਰ ਦਾ ਮੰਜ਼ਰ ਵੇਖਣ ਨੂੰ ਮਿਲਦਾ ਹੈ, ਪਰ ਇਸ ਵਾਰ ਤਾਂ ਇਸ ਨੇ ਪਿਛਲੇ ਰਿਕਾਰਡ ਤੋੜ ਦਿੱਤੇ। ਵੱਡੇ ਸ਼ਹਿਰਾਂ ਵਿੱਚ ਨਿੱਕੇ-ਨਿੱਕੇ ਮਾਸੂਮ ਬੱਚੇ ਤਖਤੀ ਲੈ ਕੇ ਸੜਕਾਂ 'ਤੇ ਆ ਗਏ, ਜਿਹਨਾਂ ਤੇ ਲਿਖਿਆ ਹੈ : 'ਇਸ ਹਵਾ ਵਿੱਚ ਸਾਡਾ ਦਮ ਘੁੱਟਦਾ ਹੈ', 'ਸਾਨੂੰ ਸਾਹ ਲੈਣ ਦਿਓ , 'ਸਾਡੇ ਸਾਹ ਲੈਣ ਲਈ ਕੁਝ ਕਰੋ।' ਪਰਾਲੀ ਨੂੰ ਲਾਈਆਂ ਅੱਗਾਂ, ਦਿਵਾਲੀ ਦੇ ਪਟਾਕਿਆਂ ਦਾ ਧੂੰਆਂ, ਗੱਡੀਆਂ ਮੋਟਰਾਂ ਦਾ ਬੇਤਹਾਸ਼ਾ ਵਾਧਾ, ਸ਼ਹਿਰਾਂ ਪਿੰਡਾਂ ਵਿੱਚ ਲਮਕੇ ਪਏ ਵਿਕਾਸ ਕਾਰਜਾਂ ਕਰਕੇ ਉੱਡਦੀ ਧੂੜ ਨੇ ਹਵਾ ਨੂੰ ਬੁਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ। ਧਾਰਮਕ ਅਸਥਾਨਾਂ 'ਤੇ ਹਵਾ ਨੂੰ ਵੱਧ ਤੋਂ ਵੱਧ ਪਲੀਤ ਕਰਨ ਲਈ ਆਤਿਸ਼ਬਾਜ਼ੀਆਂ ਦੇ ਇੱਕ ਤਰ੍ਹਾਂ ਨਾਲ ਮੁਕਾਬਲੇ ਹੋਣ ਲੱਗ ਪਏ ਹਨ। ਸਾਡੀਆਂ ਸਰਕਾਰਾਂ, ਧਾਰਮਕ ਅਤੇ ਸਮਾਜਕ ਜਥੇਬੰਦੀਆਂ ਅਜਿਹੀਆਂ ਗਤੀਵਿਧੀਆਂ ਪ੍ਰਤੀ ਖਾਮੋਸ਼ ਹਨ।

ਸਾਡੇ ਰਾਜਨੀਤਕ ਦਲਾਂ ਦੀ ਸਾਰੀ ਸਰਗਰਮੀ ਵੋਟ ਦੁਆਲੇ ਕੇਂਦਰਤ ਹੋ ਗਈ ਹੈ। ਸਾਨੂੰ ਉਹਨਾਂ ਚੀਜ਼ਾਂ ਲਈ ਤਿਆਰ ਕੀਤਾ ਜਾਂਦਾ ਹੈ, ਜਿਸ ਦੀ ਸਾਨੂੰ ਨਹੀਂ ਲੋੜ ਹੁੰਦੀ। ਇਹ ਜਾਣਦਿਆਂ ਬੁੱਝਦਿਆਂ ਕਿ ਜਿਸ ਦਿਸ਼ਾ ਵੱਲ ਅਸੀਂ ਵਧ ਰਹੇ ਹਾਂ, ਇਸ 'ਤੇ ਚੱਲਦਿਆਂ ਨਤੀਜੇ ਭਿਆਨਕ ਹੋ ਸਕਦੇ ਹਨ, ਸਭ ਕੁਝ ਹੋਣ ਦਿੱਤਾ ਜਾਂਦਾ ਹੈ। ਮੌਜੂਦਾ ਦੌਰ ਵਿੱਚ ਸਾਨੂੰ ਸਿਖਾਇਆ ਗਿਆ ਹੈ ਕਿ ਸਾਡੀ ਹਰ ਸਰਗਰਮੀ ਪੈਸੇ ਲਈ ਹੈ। ਅਸੀਂ ਆਪਣਾ ਕੀਮਤੀ ਸਮਾਂ, ਐਨਰਜੀ ਅਤੇ ਇਸ ਜ਼ਮੀਨ 'ਤੇ ਹੋਣਾ ਸਭ ਕੁਝ ਪੈਸੇ ਨੂੰ ਸਮਰਪਿਤ ਕਰ ਦਿੱਤਾ ਹੈ। ਰਾਜਨੀਤਕ, ਧਾਰਮਕ ਅਤੇ ਅਕਾਦਮਿਕ ਪੱਖ ਤੋਂ ਸਾਨੂੰ ਦੱਸਿਆ ਜਾ ਰਿਹਾ ਹੈ ਵੱਧ ਤੋਂ ਵੱਧ ਵੱਧ ਵਸਤਾਂ ਅਤੇ ਵੱਧ ਪੈਸਾ ਇਕੱਠਾ ਕਰਨ ਵਿੱਚ ਹੀ ਸਾਡਾ ਵਿਕਾਸ ਹੈ। ਅਸੀਂ ਕੁਦਰਤ ਪ੍ਰਤੀ ਆਪਣਾ ਰਵੱਈਆ ਬਦਲਿਆ ਹੈ, ਜਿਸ ਦਾ ਨਤੀਜਾ ਸਾਡੇ ਲਈ ਬੜਾ ਘਾਤਕ ਸਾਬਤ ਹੋ ਲੱਗਿਆ ਹੈ। ਅਸੀਂ ਬਿਮਾਰੀਆਂ, ਦੁਸ਼ਵਾਰੀਆਂ ਅਤੇ ਗੰਦੇ ਵਾਤਾਵਰਣ ਨੂੰ ਸਹੇੜ ਕੇ ਇੱਕ ਠੰਢੀ ਮੌਤ ਵੱਲ ਵਧਣ ਲੱਗ ਪਏ ਹਾਂ। ਆਪਣੇ ਬੇਸ਼ਕੀਮਤੀ ਸਾਧਨਾਂ; ਮਿੱਟੀ, ਰੇਤ, ਪਾਣੀ ਅਤੇ ਹਵਾ ਦੀ ਬਰਬਾਦੀ ਕਰਕੇ ਵੱਟੀ ਵੱਟਤ ਨਾਲ ਅਸੀਂ ਆਪਣੀ ਬਾਹਰੀ ਦਿੱਖ ਬੇਸ਼ੱਕ ਕੁਝ ਹੱਦ ਤੱਕ ਸਵਾਰ ਲਈ ਹੈ, ਪਰ ਅੰਦਰੋਂ ਅਸੀਂ ਖੋਖਲੇ ਹੋ ਗਏ ਹਾਂ।

ਇਹ ਠੀਕ ਹੈ ਕਿ ਮਨੁੱਖ ਆਪਣੀ ਸਮਝ ਨਾਲ ਵਿਗਿਆਨਕ ਤਕਨੀਕ ਦੀ ਮਦਦ ਨਾਲ ਕੁਦਰਤੀ ਵਰਤਾਰਿਆਂ ਨੂੰ ਆਪਣੇ ਅਨੁਸਾਰ ਢਾਲ ਕੇ ਆਪਣੇ ਹਿੱਤਾਂ ਲਈ ਵਰਤਣ ਵਿੱਚ ਕਾਮਯਾਬ ਹੋਇਆ ਹੈ। ਇਸ ਨਾਲ ਉਸ ਦਾ ਜੀਵਨ ਸੁਖਾਲਾ ਵੀ ਹੋਇਆ ਹੈ। ਇਹ ਵੀ ਮੰਨਿਆ ਜਾਂਦਾ ਹੈ ਵਿਗਿਆਨਕ ਵਿਕਾਸ ਤੋਂ ਪੈਦਾ ਹੋਈਆਂ ਸਮੱਸਿਆਵਾਂ ਨਾਲ ਵਿਗਿਆਨਕ ਤਰਜੀਹਾਂ 'ਤੇ ਚੱਲ ਕੇ ਬੜੀ ਜਲਦੀ ਕਾਬੂ ਪਾ ਲਿਆ ਜਾਵੇਗਾ। ਇੱਥੇ ਇਹ ਵਿਚਾਰ ਕਰਨਾ ਬਣਦਾ ਹੈ ਕਿ ਸਾਡਾ ਅਜੋਕਾ ਰਾਜਤੰਤਰ, ਜਿਸ ਨੂੰ ਪੂੰਜੀਵਾਦੀ ਤਾਕਤਾਂ ਸੰਚਾਲਤ ਕਰਦੀਆਂ ਹਨ, ਦਾ ਲੋਕ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ, ਸਗੋਂ ਲੋਕ ਸਮੱਸਿਆਵਾਂ ਉਹਨਾਂ ਲਈ ਵੱਡੀਆਂ ਕਮਾਈਆਂ ਦੇ ਸਾਧਨ ਹੋ ਨਿਭੜਦੀਆਂ ਹਨ। ਜਿਵੇਂ ਔੜਾਂ, ਸੋਕਿਆਂ ਵਿੱਚ ਬੰਦ ਬੋਤਲ ਪਾਣੀ ਦੀ ਵਿਕਰੀ ਵੱਧਦੀ ਹੈ। ਪੰਜਾਬ ਵਿੱਚ ਪਿਛਲੇ ਕੁਝ ਅਰਸੇ ਤੋਂ ਕੈਂਸਰ, ਹੈਪੇਟਾਈਟਸ ਬੀ ਅਤੇ ਸੀ, ਹਾਰਟ ਅਟੈਕ, ਸਾਹ, ਦਮਾ, ਸ਼ੁਕਰਾਣੂਆਂ ਦਾ ਘਟਣਾ, ਬਲੱਡ ਪ੍ਰੈਸ਼ਰ, ਲਿਵਰ ਸਿਰੋਸਸ, ਯੂਰਿਕ ਐਸਡ, ਬਲੱਡ ਸ਼ੂਗਰ ਜਿਹੀਆਂ ਬਿਮਾਰੀਆਂ ਬੜੀਆਂ ਤੇਜੀ ਨਾਲ ਵਧਣ ਲੱਗੀਆਂ ਹਨ। ਵੱਡੀ ਗਿਣਤੀ ਲੋਕ ਮਾਨਸਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਧੂੰਏਂ ਅਤੇ ਗੰਦੇ ਵਾਤਾਵਰਣ ਤੋਂ ਪੈਦਾ ਹੋਈਆਂ ਬਿਮਾਰੀਆਂ ਨਾਲ ਵੱਡੇ ਹਸਪਤਾਲ ਉਸਰਦੇ ਹਨ। ਆਕਸੀਜਨ ਕਿੱਟਾਂ ਅਤੇ ਕਮਰਿਆਂ ਦੀ ਹਵਾ ਨੂੰ ਸਾਫ ਕਰਨ ਵਾਲੇ ਯੰਤਰਾਂ ਦੀ ਵਿਕਰੀ ਵਧਦੀ ਹੈ। ਮਾਸਕ ਵਿਕਦੇ ਹਨ। ਦਵਾਈਆਂ ਦੇ ਕਾਰੋਬਾਰ ਤੋਂ ਅਰਬਾਂ-ਖਰਬਾਂ ਦੀ ਕਮਾਈ ਹੁੰਦੀ ਹੈ। ਉਪਰੋਕਤ ਕਥਨ ਦਾ ਇੱਕ ਦੂਜਾ ਪੱਖ ਇਹ ਵੀ ਹੈ ਕਿ ਹੁਣ ਵਿਗਿਆਨਕ ਖੋਜਾਂ ਦੀ ਵਰਤੋਂ ਲੋਕ-ਪੱਖੀ ਨਹੀਂ, ਬਲਕਿ ਲੋਕ ਮਾਰੂ ਨੀਤੀ ਨੂੰ ਸਰਅੰਜ਼ਾਮ ਦੇਣ ਲਈ ਕੀਤੀ ਜਾ ਰਹੀ ਹੈ। ਜਿਵੇਂ ਦੁਨੀਆ ਭਰ ਵਿੱਚ ਬੀਜਾਂ 'ਤੇ ਕਾਬਜ਼ ਹੋਣ ਲਈ ਵੰਸ਼ ਰਹਿਤ ਬੀਜਾਂ ਦੀ ਖੋਜ ਆਦਿ।

ਤੇਜ਼ੀ ਨਾਲ ਵਧ ਰਹੀ ਆਬਾਦੀ ਇਸ ਦੀਆਂ ਲੋੜਾਂ ਅਤੇ ਤਕਨੀਕੀ ਵਿਕਾਸ 'ਤੇ ਚੱਲਦਿਆਂ ਭੱਠਿਆਂ, ਫੈਕਟਰੀਆਂ ਅਤੇ ਆਵਾਜਾਈ ਦੇ ਸਾਧਨਾਂ ਦੀ ਗਿਣਤੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਹੈ। ਵਿਕਸਤ ਮੁਲਕਾਂ ਵਿੱਚ ਗਰੀਨ ਹਾਊਸ ਗੈਸਾਂ ਦਾ ਪ੍ਰਭਾਵ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਅਸਰ ਪੂਰੀ ਧਰਤੀ ਦੇ ਮੌਸਮਾਂ ਵਿੱਚ ਗੜਬੜੀ ਕਰਨ ਦਾ ਕਾਰਨ ਬਣ ਰਿਹਾ ਹੈ। ਗਰਮੀ ਦੀ ਰੁੱਤ ਲੰਮੀ ਹੋ ਗਈ ਹੈ। ਮੌਸਮਾਂ ਵਿੱਚ ਇੱਕ ਅੱਥਰਾ ਵੇਗ ਆ ਗਿਆ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਮੀਂਹ ਦੀਆਂ ਝੜੀਆਂ ਲੱਗਣੀਆਂ ਘਟ ਗਈਆਂ ਹਨ। ਸਰਦੀ ਦੀ ਰੁੱਤ ਗਿਣਤੀ ਦੇ ਦਿਨਾਂ ਤੱਕ ਸਿਮਟ ਗਈ ਹੈ। ਹੁਣ ਜਦੋਂ ਸਰਦੀ ਦੀ ਰੁੱਤ ਦੀ ਸ਼ੁਰੂਆਤ ਹੀ ਹੋਈ ਹੈ, ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਖਬਰਾਂ ਇਹ ਆਉਣ ਲੱਗੀਆਂ ਹਨ ਕਿ ਦੇਸ਼ ਦੇ ਪਾਣੀ ਦੇ ਸਰੋਤਾਂ ਵਿੱਚ ਪਾਣੀ ਦਾ ਪੱਧਰ ਨੀਵਾਂ ਹੋਣ ਲੱਗਿਆ ਹੈ। ਇਸ ਸਾਲ ਗਰਮੀਆਂ ਵਿੱਚ ਭਾਰਤ ਦੇ ਲੱਖਾਂ ਲੋਕ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣ ਲਈ ਮਜਬੂਰ ਹੋ ਗਏ ਸਨ। ਅੱਜ ਅਸੀਂ ਹਵਾ ਵਿੱਚ ਘੁਲੇ ਜ਼ਹਿਰ ਦਾ ਪ੍ਰਕੋਪ ਭੁਗਤ ਰਹੇ ਹਾਂ। ਸਾਡੀਆਂ ਸਰਕਾਰਾਂ/ ਰਾਜਨੀਤਕ ਪਾਰਟੀ

20-OCT-PAGE-5.qxd 10/19/2023 10:56 PM Page 1

ਮੰਡੀਆਂ 'ਚ ਲਿਫਟਿੰਗ ਤੇ ਝੋਨੇ ਦੀ ਖਰੀਦ ਨੂੰ ਲੈ ਕੇ ਕਾਂਗਰਸ ਵੱਲੋਂ ਪ੍ਰਦਰਸ਼ਨ

ਬਠਿੰਡਾ (ਪਰਵਿੰਦਰ ਜੀਤ ਸਿੰਘ) : ਕਾਂਗਰਸ ਪਾਰਟੀ ਵੱਲੋਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪੱਧਰ 'ਤੇ ਦਾਣਾ ਮੰਡੀਆਂ ਵਿੱਚ ਲਿਫਟਿੰਗ ਨਾ ਹੋਣ ਅਤੇ ਝੋਨੇ ਦੀ ਖਰੀਦ ਸਹੀ ਨਾ ਹੋਣ ਦੇ ਦੋਸ਼ਾਂ ਤਹਿਤ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤੇ ਗਏ। ਇਸੇ ਲੜੀ ਤਹਿਤ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਕਾਂਗਰਸੀ ਆਗੂਆਂ ਤੇ ਲੀਡਰਸ਼ਿਪ ਅਤੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਤੇ ਕੌਂਸਲਰਾਂ ਵੱਲੋਂ ਬਠਿੰਡਾ ਸ਼ਹਿਰ ਦੀ ਵੱਡੀ ਦਾਣਾ ਮੰਡੀ ਵਿੱਚ ਪ੍ਰਦਰਸ਼ਨ ਕੀਤਾ ਗਿਆ ਤੇ ਦੋਸ਼ ਲਾਏ ਕਿ ਪੰਜਾਬ ਸਰਕਾਰ ਦੇ ਦਾਅਵੇ ਖੋਖਲੇ ਹਨ, ਕਿਉਂਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਬਰਬਾਦ ਹੋ ਰਹੀ ਹੈ, ਕੋਈ ਪ੍ਰਬੰਧ ਸਾਹਮਣੇ ਨਹੀਂ ਆ ਰਹੇ। ਲਿਫਟਿੰਗ ਨਾ ਹੋਣ ਕਰਕੇ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ, ਇਥੋਂ ਤੱਕ ਕਿ ਫਸਲ ਵੀ ਮੀਂਹ ਨਾਲ ਬਰਬਾਦ ਹੋ ਚੁੱਕੀ ਹੈ, ਜਿਸ ਕਰਕੇ ਕਿਸਾਨ, ਮਜ਼ਦੂਰ, ਆੜ੍ਹਤੀਏ ਸਮੇਤ ਹਰ ਵਰਗ 'ਤੇ ਵਿੱਤੀ ਬੋਝ ਵਧ ਰਿਹਾ ਹੈ, ਪਰ ਇਸ ਪਾਸੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਸ ਮੌਕੇ ਕਾਂਗਰਸੀ ਆਗੂਆਂ ਰਾਜਨ ਗਰਗ, ਅਸ਼ੋਕ ਕੁਮਾਰ, ਅਰੁਣ ਵਧਾਵਨ, ਕੇ ਕੇ ਅਗਰਵਾਲ ਤੇ ਰੁਪਿੰਦਰ ਬਿੰਦਰਾ ਆਦਿ ਨੇ ਦੋਸ਼ ਲਾਏ ਕੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਚੋਣਾਂ ਵੇਲੇ ਕੀਤੇ ਕਿਸੇ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ। ਕਿਸਾਨ, ਮਜ਼ਦੂਰ, ਵਪਾਰੀ, ਆੜ੍ਹਤੀਆ ਤੇ ਹਰ ਵਰਗ ਪ੍ਰੇਸ਼ਾਨ ਹੈ, ਮੰਡੀਆਂ ਵਿੱਚ ਮੀਂਹ ਨਾਲ ਹੁਣ ਫਿਰ ਫਸਲ ਬਰਬਾਦ ਹੋਈ ਹੈ। ਉਸ ਤੋਂ ਪਹਿਲਾਂ ਹੜ੍ਹਾਂ ਨਾਲ ਫਸਲ ਦਾ ਨੁਕਸਾਨ ਹੋਇਆ, ਉਸ ਤੋਂ ਪਹਿਲਾਂ ਗੜੇਮਾਰੀ ਨੇ ਫਸਲ ਦਾ ਨੁਕਸਾਨ ਕੀਤਾ, ਪਰ ਹਾਲੇ ਤੱਕ ਤਿੰਨ ਆਫਤਾਂ ਆਉਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਮੁਆਵਜ਼ਾ ਰਾਸ਼ੀ ਜਾਰੀ ਨਹੀਂ ਕੀਤੀ ਗਈ, ਜਿਸ ਕਰਕੇ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪੈਣ ਲਈ ਮਜਬੂਰ ਹਨ, ਜਿਸ ਲਈ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨਕ ਅਧਿਕਾਰੀਆਂ ਰਾਹੀਂ ਮੰਡੀਆਂ ਵਿੱਚ ਪੂਰੇ ਖਰੀਦ ਪ੍ਰਬੰਧ ਯਕੀਨੀ ਨਾ ਬਣਾਏ ਤਾਂ ਕਾਂਗਰਸ ਪਾਰਟੀ ਤਿੱਖੇ ਸੰਘਰਸ਼ ਲਈ ਮਜਬੂਰ ਹੋਵੇਗੀ। ਇਸ ਮੌਕੇ ਅਰੁਣ ਵਧਾਵਨ, ਬਲਵੰਤ ਰਾਏ ਨਾਥ, ਕੇ ਕੇ ਅਗਰਵਾਲ, ਮਾਸਟਰ ਹਰਿਮੰਦਰ ਸਿੰਘ, ਮਲਕੀਤ ਸਿੰਘ ਐੱਮ ਸੀ, ਰੁਪਿੰਦਰ ਬਿੰਦਰਾ, ਮੀਤ ਪ੍ਰਧਾਨ ਸੁਰੇਸ਼ ਚੌਹਾਨ, ਹਰੀਅਮ ਠਾਕਰ, ਬਲਜੀਤ ਸਿੰਘ, ਯੂਥ ਆਗੂ ਗੁਰਵਿੰਦਰ ਸਿੰਘ ਚਹਿਲ, ਸੁਨੀਲ ਕੁਮਾਰ, ਚੇਅਰਮੈਨ ਐੱਸ ਸੀ ਮਹਿੰਦਰ ਭੋਲਾ, ਜਗਮੀਤ ਸਿੰਘ, ਬੇਦ ਪ੍ਰਕਾਸ਼, ਅਸ਼ੀਸ਼ ਕਪੂਰ, ਸੰਦੀਪ ਵਰਮਾ, ਜਗਰਾਜ ਸਿੰਘ, ਸ਼ਾਮ ਲਾਲ ਜੈਨ, ਟਹਿਲ ਸਿੰਘ ਬੁੱਟਰ, ਠੇਕੇਦਾਰ ਕਮਲਜੀਤ ਸਿੰਘ ਭੰਗੂ ਸਮੇਤ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

12 ਘੰਟੇ ਕੰਮ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਲਈ ਅਧਿਕਾਰੀ ਨੂੰ ਸੌਂਪਿਆ ਮੰਗ ਪੱਤਰ

ਸੰਗਰੂਰ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ) : ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਲਈ 12 ਘੰਟੇ ਕੰਮ ਕਰਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਲਈ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਕਮੇਟੀ ਦੇ ਸੱਦੇ ਤਹਿਤ ਪੰਜਾਬ ਭਰ 'ਚ ਐੱਸ ਡੀ ਐੱਮ ਰਾਹੀਂ ਪੰਜਾਬ ਸਰਕਾਰ ਦੇ ਨਾਂ ਦਿੱਤੇ ਜਾ ਰਹੇ ਮੰਗ ਪੱਤਰ ਦੀ ਲੜੀ ਤਹਿਤ ਐੱਸ ਡੀ ਐੱਮ ਸੰਗਰੂਰ ਦੀ ਗੈਰ-ਹਾਜ਼ਰੀ ਵਿੱਚ ਡਿਊਟੀ ਅਫਸਰ ਨੂੰ ਮੰਗ ਪੱਤਰ ਦਿੱਤਾ ਗਿਆ।

ਇਕੱਠੇ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਤੇ ਇਲਾਕਾ ਪ੍ਰਧਾਨ ਬੂਟਾ ਸਿੰਘ ਗੁੱਜਰਾਂ, ਲਾਲ ਚੰਦ ਸੰਗਰੂਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 12 ਘੰਟੇ ਵਾਲਾ ਨੋਟੀਫਿਕੇਸ਼ਨ ਮਜ਼ਦੂਰ ਵਿਰੋਧੀ ਹੈ, ਕਿਉਂਕਿ 12 ਤੋਂ 13 ਘੰਟੇ ਕੰਮ ਕਰਕੇ ਮਜ਼ਦੂਰ ਨੂੰ ਪਸ਼ੂਆਂ ਵਾਲੀ ਜ਼ਿੰਦਗੀ ਵੱਲ ਧੱਕ ਕੇ ਦੁਬਾਰਾ ਪੰਜਾਬ ਦੀ ਧਰਤੀ 'ਤੇ ਮਨੂੰ ਦੇ ਸਿਧਾਂਤ ਨੂੰ ਲਾਗੂ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਮਜ਼ਦੂਰ ਤਾਂ ਪਹਿਲਾਂ ਹੀ ਅੱਤ ਦੀ ਮਹਿੰਗਾਈ ਅੰਦਰ ਬੜੀ ਮੁਸ਼ਕਲ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ, 12 ਘੰਟੇ ਵਾਲਾ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਸਰਕਾਰ ਮਜ਼ਦੂਰਾਂ ਦਾ ਖੂਨ ਚੂਸਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ 8 ਘੰਟੇ ਕੰਮ ਦਾ ਅਧਿਕਾਰ ਮਜ਼ਦੂਰਾਂ ਵੱਲੋਂ ਦੁਨੀਆ ਭਰ ਵਿੱਚ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤਾ ਗਿਆ ਸੀ, ਜਿਸ ਨੂੰ ਮਜ਼ਦੂਰ ਕਿਸੇ ਵੀ ਕੀਮਤ 'ਤੇ ਪੰਜਾਬ 'ਚ ਲਾਗੂ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਇਹ ਨੋਟੀਫਿਕੇਸ਼ਨ ਰੱਦ ਨਾ ਕੀਤਾ ਤਾਂ ਅਉਣ ਵਾਲੇ ਦਿਨਾਂ 'ਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਲਾਡੀ ਸਿੰਘ ਨਮੋਲ, ਗੁਰਦੀਪ ਸਿੰਘ ਫੌਜੀ, ਸੋਮਾ ਰਾਣੀ, ਰਿਕੂ ਸਿੰਘ ਉੱਭਾਵਾਲ, ਜੋਗਾ ਸਿੰਘ ਤੋਲਾਵਾਲ ਮੌਜੂਦ ਸਨ।

676 ਉਸਾਰੀ ਕਿਰਤੀਆਂ ਲਈ 1.87 ਕਰੋੜ ਦੇ ਲਾਭ ਦੀ ਪ੍ਰਵਾਨਗੀ

ਡੀ ਸੀ ਵੱਲੋਂ ਉਸਾਰੀ ਕਿਰਤੀ ਵੈੱਲਫੇਅਰ ਬੋਰਡ ਨਾਲ ਮੀਟਿੰਗ

ਬਰਨਾਲਾ (ਰਾਜਿੰਦਰ ਬਰਾੜ)- ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਦੀ ਰਹਿਨੁਮਾਈ ਹੇਠ ਬਰਨਾਲਾ ਤਹਿਸੀਲ ਦੇ 676 ਉਸਾਰੀ ਕਿਰਤੀਆਂ ਲਈ 1.87 ਕਰੋੜ ਰੁਪਏ ਦੇ ਲਾਭ ਨੂੰ ਤਹਿਸੀਲ ਪੱਧਰੀ ਉਸਾਰੀ ਕਿਰਤੀ ਵੈੱਲਫੇਅਰ ਬੋਰਡ ਦੀ ਬੈਠਕ ਦੌਰਾਨ ਪ੍ਰਵਾਨਗੀ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਪ ਮੰਡਲ ਮੈਜਿਸਟ੍ਰੇਟ ਗੋਪਾਲ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਸਾਰੇ ਲਾਭਪਾਤਰੀਆਂ ਨੂੰ ਲਾਭ ਦੀ ਰਕਮ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ। ਇਨ੍ਹਾਂ ਵਿੱਚ 35 ਕੇਸਾਂ ਨੂੰ ਐਕਸ-ਗ੍ਰੇਸ਼ੀਆ ਰਾਸ਼ੀ, 557 ਨੂੰ ਵਜ਼ੀਫੇ, 43 ਕੇਸ ਸ਼ਗਨ ਸਕੀਮ ਦੇ, 2 ਕੇਸ ਐੱਲ. ਟੀ. ਸੀ ਦੇ, 20 ਕੇਸ ਅੰਤਿਮ ਸੰਸਕਾਰ ਕਰਨ ਲਈ ਵਿੱਤੀ ਸਹਾਇਤਾ ਸਬੰਧੀ, 1 ਕੇਸ ਸਰਜਰੀ ਦਾ, 4 ਕੇਸ ਪੇਨਸ਼ਨ ਦੇ, 5 ਕੇਸ ਜਣੇਪੇ ਦੇ, 7 ਕੇਸ ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਲਈ ਮਦਦ ਅਤੇ ਹੋਰ ਕੇਸ ਸ਼ਾਮਲ ਹਨ। ਉੱਪ ਮੰਡਲ ਮੈਜਿਸਟ੍ਰੇਟ ਸ਼੍ਰੀ ਗੋਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਸਾਰੀ ਕਿਰਤੀਆਂ ਨੂੰ ਵੱਖ-ਵੱਖ ਸਕੀਮਾਂ ਰਾਹੀਂ ਕਈ ਤਰੀਕੇ ਦੇ ਲਾਭ ਦਿੱਤੇ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਹਰ ਤਰੀਕੇ ਦੇ ਮੌਕੇ ਮੁਹੱਈਆ ਕਰਵਾਏ ਜਾ ਸਕਣ। ਉਸਾਰੀ ਕਿਰਤੀਆਂ 'ਚ ਰਾਜ ਮਿਸਤਰੀ/ਇੱਟਾਂ/ ਸੀਮੈਂਟ ਫੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਬਿਜਲੀ ਦਾ ਕੰਮ ਕਰਨ ਵਾਲੇ, ਸੀਵਰਮੈਨ, ਮਾਰਬਲ/ਟਾਇਲਾਂ ਲਗਾਉਣ ਵਾਲੇ, ਫ਼ਰਸ਼ ਦੀ ਰਗੜਾਈ ਕਰਨ ਵਾਲੇ, ਪੇਂਟਰ, ਪੀ. ਓ. ਪੀ. ਦਾ ਕੰਮ ਕਰਨ ਵਾਲੇ, ਸੜਕਾਂ ਬਣਾਉਣ ਵਾਲੇ, ਇਮਾਰਤਾਂ ਨੂੰ ਢਾਹੁਣ ਵਾਲੇ, ਮੁਰੰਮਤ ਰੱਖ ਰਖਾਵ ਵਾਲੇ, ਭੱਠਿਆਂ ਉੱਤੇ ਕੰਮ ਕਰਨ ਵਾਲੇ ਕਿਰਤੀ ਨੂੰ ਇਨ੍ਹਾਂ ਸਕੀਮਾਂ ਵਿੱਚ ਲਾਭਪਾਤਰੀ ਵਜੋਂ ਸ਼ਾਮਲ ਕੀਤਾ ਜਾਂਦਾ ਹੈ। ਇਸ ਮੌਕੇ ਸਹਾਇਕ ਕਿਰਤ ਕਮਿਸ਼ਨਰ ਐੱਸ. ਕੇ. ਭੋਰੀਵਾਲ ਨੇ ਦੱਸਿਆ ਕਿ ਬਿਨੈਕਰਤਾ ਆਪਣਾ ਰਜਿਸਟ੍ਰੇਸ਼ਨ ਸੇਵਾ ਕੇਂਦਰ ਵਿਖੇ ਕਰਵਾ ਸਕਦਾ ਹੈ, ਜਿਸ ਲਈ ਬਿਨੈਕਰਤਾ ਦਾ ਆਧਾਰ ਕਾਰਡ ਤੇ ਪੈਨ ਕਾਰਡ ਜਾਂ ਵੋਟਰ ਆਈ ਕਾਰਡ ਦੀ ਲੋੜ ਪੈਂਦੀ ਹੈ। ਨਾਲ ਹੀ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਆਧਾਰ ਕਾਰਡ ਤੇ ਫਾਰਮ 27 ਨੰਬਰ ਫਾਰਮ ਭਰ ਕੇ ਦੇਣਾ ਹੁੰਦਾ ਹੈ। ਲਾਭਪਾਤਰੀ ਬਣਨ ਲਈ ਉਮਰ ਘੱਟੋ ਘੱਟ 18 ਤੋਂ 60 ਸਾਲ ਹੋਣੀ ਚਾਹੀਦੀ ਹੈ, ਪਿਛਲੇ 12 ਮਹੀਨਿਆਂ ਦੌਰਾਨ ਨਿਰਮਾਣ ਕਾਰਜਾਂ/ਉਸਾਰੀ ਕੰਮਾਂ ਵਿੱਚ ਘੱਟੋ ਘੱਟ 90 ਦਿਨ ਕੰਮ ਕੀਤਾ ਹੋਵੇ ਤੇ ਬਤੌਰ ਲਾਭਪਾਤਰੀ ਰਜਿਸਟ੍ਰੇਸ਼ਨ ਲਈ 10 ਰੁਪਏ ਪ੍ਰਤੀ ਮਹੀਨਾ ਅੰਸ਼ਦਾਨ ਰਾਸ਼ੀ ਜ਼ਿਲ੍ਹੇ ਦੇ ਕਿਸੇ ਵੀ ਸੇਵਾ ਕੇਂਦਰ ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇਸ ਬੈਠਕ ਦੌਰਾਨ ਲੇਬਰ ਇੰਸਪੈਕਟਰ ਗੁਰਪਿੰਦਰ ਕੌਰ, ਡੀ. ਐੱਸ. ਪੀ. ਸਤਵੀਰ ਸਿੰਘ ਤੇ ਹੋਰ ਵਿਭਾਗਾਂ ਦੇ ਮੁਖੀ ਅਤੇ ਕਰਮਚਾਰੀ ਹਾਜ਼ਰ ਸਨ।

ਏਟਕ ਜ਼ਿਲ੍ਹਾ ਵਰਕਿੰਗ ਕਮੇਟੀ ਵੱਲੋਂ ਅਹੁਦੇਦਾਰਾਂ ਦੀ ਚੋਣ, ਡੀ ਪੀ ਮੌੜ ਮੁੱਖ ਸਲਾਹਕਾਰ ਚੁਣੇ

23 ਨੂੰ ਲੇਬਰ ਦਫਤਰ ਵਿਖੇ ਸਾਂਝੇ ਧਰਨੇ 'ਚ ਸ਼ਾਮਲ ਹੋਵੇਗੀ ਏਟਕ : ਭਾਟੀਆ

ਲੁਧਿਆਣਾ (ਪੱਤਰ ਪ੍ਰੇਰਕ)-ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਏਟਕ ਜ਼ਿਲ੍ਹਾ ਲੁਧਿਆਣਾ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਵਿਜੇ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਨਰਲ ਸਕੱਤਰ ਕਾਮਰੇਡ ਐੱਮ ਐੱਸ ਭਾਟੀਆ ਵੱਲੋਂ ਰੱਖੇ ਗਏ ਪੈਨਲ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ, ਜਿਸ ਵਿੱਚ ਕਾਮਰੇਡ ਡੀ. ਪੀ. ਮੌੜ ਮੁੱਖ ਸਲਾਹਕਾਰ ਚੁਣੇ ਗਏ। ਇਨ੍ਹਾਂ ਤੋਂ ਇਲਾਵਾ ਕੇਵਲ ਸਿੰਘ ਬਨਵੈਤ ਸੀਨੀਅਰ ਮੀਤ ਪ੍ਰਧਾਨ, ਕਾਮੇਸ਼ਵਰ ਰਾਏ, ਬਲਵੀਰ ਕੌਰ, ਹਰਬੰਸ ਸਿੰਘ, ਭਗਵਾਨ ਸਿੰਘ, ਟਾਈਗਰ ਸਿੰਘ, ਪ੍ਰੀਤਮ ਤੇ ਸੰਜੇ ਕੁਮਾਰ ਮੀਤ ਪ੍ਰਧਾਨ, ਗੁਰਮੇਲ ਮੈਲਡੇ ਡਿਪਟੀ ਜਨਰਲ ਸਕੱਤਰ, ਰਣਧੀਰ ਸਿੰਘ ਧੀਰਾ, ਬਲਬੀਰ ਸਿੰਘ ਮਾਨ, ਸਰੋਜ ਕੁਮਾਰ, ਰਾਮ ਪ੍ਰਤਾਪ, ਦਲਜੀਤ ਸਿੰਘ, ਟੁਨ ਟੁਨ ਯਾਦਵ ਤੇ ਅਰੁਣ ਕੁਮਾਰ ਸਕੱਤਰ ਅਤੇ ਅਵਤਾਰ ਛਿੱਬੜ ਕੈਸ਼ੀਅਰ ਬਣੇ। ਅਰਜੁਨ ਪ੍ਰਸਾਦ, ਸੁਖਵਿੰਦਰ ਸੁੱਖੀ, ਗੁਰਮੀਤ ਸਿੰਘ, ਬੀ. ਐੱਮ. ਫਰੈਡਰਿਕ, ਸੋਬਨ ਸਿੰਘ, ਅਸ਼ੋਕ ਕੁਮਾਰ, ਕੁਲਦੀਪ ਸਿੰਘ, ਕਰਮ ਸਿੰਘ ਜਟਾਣਾ, ਮਹੇਸ਼ ਸ਼ਰਮਾ, ਮਨਜੀਤ ਸਿੰਘ ਹੂੰਝਣ, ਰਫੀਕ ਮੁਹੰਮਦ, ਰਸ਼ਪਾਲ ਸਿੰਘ, ਸੁਖਵੰਤ ਸਿੰਘ ਤੇ ਦਿਨੇਸ਼ ਗੋਇਲ (ਵਿੱਕੀ) ਵਰਕਿੰਗ ਕਮੇਟੀ ਮੈਂਬਰ ਚੁਣੇ ਗਏ। ਚਮਕੌਰ ਸਿੰਘ ਸਲਾਹਕਾਰ ਤੇ ਐਡਵੋਕੇਟ ਨਵਲ ਛਿੱਬੜ ਕਾਨੂੰਨੀ ਸਲਾਹਕਾਰ ਚੁਣੇ ਗਏ। ਕਾਮਰੇਡ ਰਮੇਸ਼ ਰਤਨ, ਗੁਰਨਾਮ ਸਿੱਧੂ ਤੇ ਚਰਨ ਸਰਾਭਾ ਸਰਪ੍ਰਸਤ ਬਣੇ। ਜ਼ਿਕਰਯੋਗ ਹੈ ਕਿ 15 ਅਕਤੂਬਰ ਨੂੰ ਹੋਈ ਕਾਨਫਰੰਸ ਵਿੱਚ ਵਿਜੇ ਕੁਮਾਰ ਨੂੰ ਪ੍ਰਧਾਨ ਤੇ ਐੱਮ ਐੱਸ ਭਾਟੀਆ ਨੂੰ ਜਨਰਲ ਸਕੱਤਰ ਚੁਣਿਆ ਗਿਆ ਸੀ। ਮੀਟਿੰਗ ਤੋਂ ਬਾਅਦ ਕਾਮਰੇਡ ਭਾਟੀਆ ਨੇ ਦੱਸਿਆ ਕਿ ਏਟਕ, ਸੀਟੂ ਤੇ ਸੀਟੀਯੂ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਕੰਮ ਦੇ ਘੰਟੇ ਵਧਾਉਣ ਵਾਲੇ ਨੋਟੀਫਿਕੇਸ਼ਨ ਨੂੰ ਵਾਪਸ ਕਰਵਾਉਣ ਲਈ ਲੇਬਰ ਦਫਤਰ ਲੁਧਿਆਣਾ ਦੇ ਸਾਹਮਣੇ 23 ਅਕਤੂਬਰ ਨੂੰ ਦਿੱਤੇ ਜਾਣ ਵਾਲੇ ਧਰਨੇ ਵਿੱਚ ਏਟਕ ਦੀ ਸ਼ਮੂਲੀਅਤ ਵੱਡੀ ਗਿਣਤੀ ਵਿੱਚ ਹੋਵੇਗੀ। ਤਿੰਨ ਨਵੰਬਰ ਨੂੰ ਪੰਜਾਬ ਪੱਧਰ ਦੀ ਟਰੇਡ ਯੂਨੀਅਨਾਂ ਦੀ ਸਾਂਝੀ ਰੈਲੀ, ਜੋ ਮੁਹਾਲੀ ਵਿਖੇ ਲੇਬਰ ਦਫਤਰ ਦੇ ਸਾਹਮਣੇ ਹੈ, ਵਿੱਚ ਲੁਧਿਆਣਾ ਤੋਂ ਏਟਕ ਦਾ ਜੱਥਾ ਵੱਡੀ ਗਿਣਤੀ ਵਿੱਚ ਸ਼ਮਲ ਹੋਵੇਗਾ। ਉਨ੍ਹਾਂ ਦੱਸਿਆ ਕਿ ਜਲਦੀ ਹੀ ਏਟਕ ਲੁਧਿਆਣਾ ਉਸਾਰੀ ਮਜ਼ਦੂਰਾਂ ਦੇ ਲਾਭਪਾਤਰੀ ਕਾਰਡ ਬਣਵਾਏਗੀ ਤੇ ਉਨ੍ਹਾਂ ਲਈ ਬਣੀਆਂ ਭਲਾਈ ਸਕੀਮਾਂ ਦਾ ਫਾਇਦਾ ਮਜ਼ਦੂਰਾਂ ਨੂੰ ਦਿਵਾਇਆ ਜਾਵੇਗਾ। ਇਸੇ ਤਰ੍ਹਾਂ ਰੇਹੜੀ ਫੜ੍ਹੀ ਵਾਲਿਆਂ ਨੂੰ ਮਾਫੀਆ ਤੋਂ ਨਿਯਾਤ ਦਿਵਾਉਣ ਲਈ ਲੁਧਿਆਣੇ ਵਿੱਚ ਵੈਂਡਿੰਗ ਜ਼ੋਨ ਬਣਵਾਉਣਾ ਸਾਡੇ ਮੁੱਖ ਕੰਮਾਂ ਵਿੱਚੋਂ ਇੱਕ ਹੋਵੇਗਾ ਤੇ ਉਸ ਲਈ ਸੰਘਰਸ਼ ਵਿੱਢਿਆ ਜਾਵੇਗਾ। ਹੌਜਰੀ ਨਾਲ ਜੁੜੇ ਮਜ਼ਦੂਰਾਂ ਦਾ ਸ਼ੋਸ਼ਣ ਬਚਾਉਣ ਲਈ ਉਨ੍ਹਾਂ ਦੇ ਕਾਰਡ ਬਣਵਾਏ ਜਾਣਗੇ ਤੇ ਉਨ੍ਹਾਂ ਨੂੰ ਬਣਦੇ ਲਾਭ ਦਿਵਾਏ ਜਾਣਗੇ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਸਾਥੀ ਵਿਜੇ ਕੁਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਸਪਰਿੰਗ ਫੀਲਡ ਸਕੂਲ ਦੇ ਬੱਚਿਆਂ ਜ਼ੋਨਲ ਖੇਡਾਂ 'ਚ 65 ਤਮਗੇ ਜਿੱਤੇ

ਬਾਘਾ ਪੁਰਾਣਾ, (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਜ਼ੋਨ ਬਾਘਾ ਪੁਰਾਣਾ ਦੀਆਂ ਐਥਲੈਟਿਕਸ ਖੇਡਾਂ ਵਿੱਚ 65 ਤਮਗੇ ਹਾਸਲ ਕਰ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਲੜਕੇ ਤੇ ਲੜਕੀਆਂ ਨੇ ਖੇਡਾਂ ਵਿਚ ਭਾਗ ਲਿਆ, ਜਿਸ 'ਚ ਨਿਤਿਸ਼ ਗੋਇਲ 200 ਮੀਟਰ ਫਸਟ, 110 ਮੀਟਰ ਹਰਡਲ ਰੇਸ 'ਚ ਫਸਟ, ਪ੍ਰਸ਼ਾਤ ਸ਼ਰਮਾ ਅੰਡਰ-14 'ਚ 100 ਮੀਟਰ

page-6-20-(OCTO)-2023-G-(BV).qxd 10/19/2023 10:58 PM Page 1

ਮੁੱਖ ਮੰਤਰੀ ਮਾਨ ਨੇ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਪਿਛਲੇ ਸਮੇਂ ਤੋਂ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਇਸੇ ਸਬੰਧੀ ਵਿੱਚ ਸੇਖਵਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਇਸ ਮੁੱਦੇ ਨੂੰ ਉਠਾਇਆ ਗਿਆ ਸੀ। ਇਨ੍ਹਾਂ ਯਤਨਾਂ ਸਦਕਾ ਮੁੱਖ ਮੰਤਰੀ ਮਾਨ ਵੱਲੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਕੋਲ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਦਾ ਮੁੱਦਾ ਉਠਾਇਆ ਗਿਆ ਹੈ ਜਿਸ ਉੱਪਰ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ ਹੈ।

ਮੁੱਖ ਮੰਤਰੀ ਮਾਨ ਵੱਲੋਂ ਕੇਂਦਰ ਸਰਕਾਰ ਨਾਲ ਇਹ ਮੁੱਦਾ ਉਠਾਏ ਜਾਣ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਚੇਅਰਮੈਨ ਸੇਖਵਾਂ ਨੇ ਕਿਹਾ ਕਿ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਦਾ ਇਹ ਮੁੱਦਾ ਲੋਕਾਂ ਨਾਲ ਜੁੜਿਆ ਹੋਇਆ ਹੈ ਅਤੇ ਲੰਮੇ ਸਮੇਂ ਤੋਂ ਲੋਕ ਇਸ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ-ਮੁਕੇਰੀਆਂ ਮਾਰਗ ਦੀ ਕੁੱਲ ਲੰਬਾਈ 23.80 ਕਿਲੋਮੀਟਰ ਹੈ, ਜਿਸ ਵਿੱਚੋਂ 16.60 ਕਿਲੋਮੀਟਰ ਦੀ ਲੰਬਾਈ ਜ਼ਿਲ੍ਹਾ ਗੁਰਦਾਸਪੁਰ ਅਧੀਨ ਅਤੇ ਬਾਕੀ 7.20 ਕਿਲੋਮੀਟਰ ਲੰਬਾਈ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਹੈ। ਉਨ੍ਹਾਂ ਕਿਹਾ ਕਿ ਇਹ ਸੜਕ ਮੇਜਰ ਡਿਸਟ੍ਰਿਕਟ ਰੋਡ ਹੈ, ਜਿਸ ਦਾ ਰੋਡ ਕੋਡ -67 ਹੈ। ਇਹ ਸੜਕ 2 ਨੈਸ਼ਨਲ ਹਾਈਵੇ ਅੰਮ੍ਰਿਤਸਰ ਤੋਂ ਪਠਾਨਕੋਟ (-54) ਅਤੇ ਪਠਾਨਕੋਟ ਤੋਂ ਜਲੰਧਰ (-44) ਨੂੰ ਜੋੜਦੀ ਹੈ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਜੰਮੂ ਅਤੇ ਸ੍ਰੀਨਗਰ ਨੂੰ ਆਉਣ-ਜਾਣ ਲਈ ਟੂਰਿਸਟ ਅਤੇ ਟਰਾਂਸਪੋਟੇਸ਼ਨ ਆਦਿ ਇਸ ਰੂਟ ਦੀ ਵਰਤੋਂ ਕਰਦੇ ਹਨ ਕਿਉਂਕਿ ਇਹ ਸ਼ਾਰਟ ਰੂਟ ਹੈ। ਇਸ ਸੜਕ 'ਤੇ ਕਈ ਪਿੰਡ ਪੈਂਦੇ ਹਨ। ਕਿਸਾਨ ਆਪਣੀਆਂ ਗੰਨੇ ਆਦਿ ਦੀਆਂ ਫਸਲਾਂ ਨੂੰ ਸ਼ੂਗਰ ਮਿੱਲ ਦਸੂਹਾ ਅਤੇ ਮੁਕੇਰੀਆਂ ਨੂੰ ਲਿਜਾਣ ਲਈ ਇਸ ਸੜਕ ਦੀ ਵਰਤੋਂ ਕਰਦੇ ਹਨ। ਇਸ ਸੜਕ ਤੋਂ ਇਤਿਹਾਸਕ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਨੂੰ ਸਿੱਧਾ ਰੂਟ ਜੁੜਦਾ ਹੈ, ਜਿਸ ਦੇ ਦਰਸ਼ਨਾਂ ਲਈ ਦੂਰ ਦੁਰਾਡੇ ਤੋਂ ਸ਼ਰਧਾਲੂ ਆਉਂਦੇ ਹਨ। ਸੇਖਵਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਨਾਰਥ ਇੰਡੀਆ ਦੇ ਸਭ ਤੋਂ ਵੱਡੇ ਕੰਨਟੋਨਮੈਂਟਾਂ ਵਿੱਚੋਂ ਇਕ ਕੰਨਟੋਨਮੈਂਟ ਜੋ ਕਿ ਤਿੱਬੜੀ ਵਿਖੇ ਹੈ, ਇਸ ਰੋਡ ਦੇ ਉਪਰ ਹੀ ਸਥਿਤ ਹੈ। ਆਰਮੀ ਦੇ ਹੈਵੀ ਲੋਡਿਡ ਵਹੀਕਲ ਅਤੇ ਟੈਂਕ ਆਦਿ ਆਵਾਜਾਈ ਲਈ ਇਸ ਸੜਕ ਦੀ ਵਰਤੋਂ ਕਰਦੇ ਹਨ।

ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਸੜਕ 'ਤੇ ਜ਼ਿਆਦਾ ਆਵਾਜਾਈ ਹੋਣ ਕਾਰਨ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਦਿੱਕਤ ਪੇਸ਼ ਆਉਂਦੀ ਹੈ ਅਤੇ ਹਾਦਸਿਆਂ ਦਾ ਖਦਸ਼ਾ ਰਹਿੰਦਾ ਹੈ। ਇਸ ਕਰਕੇ ਇਸ ਸੜਕ ਨੂੰ ਲੋਕ ਹਿੱਤ ਵਿੱਚ 2 ਲੇਨ ਚੋੜੀ ਤੋਂ 4 ਲੇਨ ਚੋੜੀ ਕਰਨ ਦੀ ਬਹੁਤ ਜ਼ਰੂਰਤ ਹੈ। ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਇਸ ਮਸਲੇ ਨੂੰ ਕੇਂਦਰ ਸਰਕਾਰ ਕੋਲ ਉਠਾਇਆ ਹੈ ਜਿਸ ਦਾ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਇਹ ਪ੍ਰੋਜੈਕਟ ਮਨਜ਼ੂਰ ਹੋ ਜਾਵੇਗਾ।

ਸ਼ਮਸ਼ੇਰ ਸਿੰਘ ਨੂੰ ਸੌਂਪੀ ਹਲਕਾ ਇੰਚਾਰਜ ਦੀ ਜ਼ਿੰਮੇਵਾਰੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੀ ਹਾਈਕਮਾਂਡ ਨੇ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪਾਰਟੀ ਦੇ ਸੀਨੀਅਰ ਆਗੂ ਸ਼ਮਸ਼ੇਰ ਸਿੰਘ ਨੂੰ ਹਲਕਾ ਇੰਚਾਰਜ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਇਸ ਨਿਯੁਕਤੀ ਸਬੰਧੀ ਪਾਰਟੀ ਵੱਲੋਂ ਬਕਾਇਦਾ ਪੱਤਰ ਵੀ ਜਾਰੀ ਕਰ ਦਿੱਤਾ ਗਿਆ ਹੈ ਜਿਸ ਬਾਰੇ ਪਤਾ ਲੱਗਣ 'ਤੇ ਹਲਕੇ ਅੰਦਰ ਪਾਰਟੀ ਵਰਕਰਾਂ ਅਤੇ ਸ਼ਮਸ਼ੇਰ ਸਿੰਘ ਦੇ ਸਮਰਥਕਾਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸ਼ਮਸ਼ੇਰ ਸਿੰਘ ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਨ ਅਤੇ ਨਾਲ ਹੀ ਹਲਕਾ ਦੀਨਾਨਗਰ ਦੀ ਸੇਵਾ ਦੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਉਨ੍ਹਾਂ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਪਾਰਟੀ ਦੇ ਕਾਰਜਕਾਰੀ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ ਅਤੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿਚ ਵੀ ਪਾਰਟੀ ਦੀ ਮਜ਼ਬੂਤੀ ਅਤੇ ਹਲਕੇ ਦੇ ਵਿਕਾਸ ਲਈ ਪੂਰੀ ਲਗਨ ਨਾਲ ਕੰਮ ਕਰਨਗੇ।

ਖੇਡਾਂ ਵਤਨ ਪੰਜਾਬ ਦੀਆਂ 'ਚ ਲੜਕੀਆਂ ਜੇਤੂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ) -ਖੇਡਾਂ ਵਤਨ ਪੰਜਾਬ ਦੀਆਂ 'ਚ ਰਾਜ ਪੱਧਰੀ ਟੂਰਨਾਮੈਂਟ 'ਚ ਲੜਕੀਆਂ ਵੱਲੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਨਾਂਅ ਰੌਸ਼ਨ ਕੀਤਾ ਗਿਆ।

ਮਾਨ ਸਰਕਾਰ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਨਸ਼ਿਆਂ ਤੋਂ ਦੂਰ ਰੱਖਣ ਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੇ ਮੰਤਵ ਨਾਲ ਖੇਡਾਂ ਵਤਨ ਪੰਜਾਬ ਦੀਆਂ ਦੇ ਟੂਰਨਾਮੈਂਟ ਕਰਵਾਏ ਗਏ।

ਬੀਤੇ ਦਿਨੀਂ ਗੁਰਦਾਸਪੁਰ 'ਚ ਅੰਡਰ 21-25 ਦੇ ਟੂਰਨਾਮੈਂਟ 'ਚ ਜੁਡੋ ਖੇਡ 'ਚ ਜ਼ਿਲ੍ਹਾ ਤਰਨਤਾਰਨ ਦੀਆਂ ਲੜਕੀਆਂ ਵੱਲੋਂ ਵੱਡਾ ਨਾਮਣਾ ਖੱਟਦੇ ਹੋਏ ਮਨਪ੍ਰੀਤ ਕੌਰ ਪੁੱਤਰੀ ਰਣਜੀਤ ਸਿੰਘ ਵਾਸੀ ਕੋਟ ਬੁੱਢਾ ਨੇ ਪਹਿਲਾ, ਮਨਪ੍ਰੀਤ ਕੌਰ ਪੁੱਤਰੀ ਨਿਰਵੈਲ ਸਿੰਘ ਵਾਸੀ ਹਰੀਕੇ ਨੇ ਦੂਸਰਾ ਅਤੇ ਗੁਰਪ੍ਰੀਤ ਕੌਰ ਪੁੱਤਰੀ ਜੈਮਲ ਸਿੰਘ ਵਾਸੀ ਘਰਿਆਲਾ, ਅਨੁਰਾਗ ਕੌਰ ਪੁੱਤਰੀ ਕੰਵਰਦੀਪ ਸਿੰਘ ਵਾਸੀ ਕੋਟ ਬੁੱਢਾ ਨੇ ਤੀਸਰਾ ਸਥਾਨ ਹਾਸਲ ਕੀਤਾ।

ਸਰਕਾਰ ਵੱਲੋਂ ਵੱਖ ਵੱਖ ਪੁਜੀਸ਼ਨਾਂ 'ਤੇ ਰਹਿਣ ਵਾਲੀਆਂ ਲੜਕੀਆਂ ਨੂੰ ਦਸ ਹਜਾਰ, ਦੂਸਰੇ ਨੂੰ ਸੱਤ ਹਜ਼ਾਰ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੀਆਂ ਨੂੰ ਪੰਜ ਹਜ਼ਾਰ ਰੁਪਏ ਦੇ ਹੌਸਲਾ ਵਧਾਇਆ ਗਿਆ।

ਰਾਜ ਪੱਧਰੀ ਜੂਡੋ ਮੁਕਾਬਲੇ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਹੋਏ

ਗੁਰਦਾਸਪੁਰ, (ਦਿਨੇਸ਼ ਕੁਮਾਰ/ਜਨਕ ਮਹਾਜਨ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਵੇਖੇ ਸੁਪਨੇ ਤਹਿਤ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਨੇ ਮੁੱਖ ਮੰਤਰੀ ਦੇ ਸੁਪਨੇ ਨੂੰ ਸਾਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਖੇਡਾਂ ਵਿੱਚ ਖਿਡਾਰੀਆਂ ਵੱਲੋਂ ਵਿਖਾਇਆ ਜਾ ਰਿਹਾ ਜੋਸ਼ ਬੇਮਿਸਾਲ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਖੇਡਾਂ ਵਤਨ ਪੰਜਾਬ ਦੀਆਂ, ਸੀਜ਼ਨ-2 ਤਹਿਤ ਕਰਵਾਏ ਜਾ ਰਹੇ ਜੂਡੋ ਖੇਡਾਂ ਦੇ ਰਾਜ ਪੱਧਰੀ ਮੁਕਾਬਲਿਆਂ ਦਾ ਉਦਘਾਟਨ ਕਰਨ ਮੌਕੇ ਕੀਤਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਨਾਲ ਨੌਜਵਾਨਾਂ ਅੰਦਰ ਇੱਕ ਨਵਾਂ ਜੋਸ਼ ਭਰਿਆ ਗਿਆ ਹੈ ਅਤੇ ਇਨ੍ਹਾਂ ਖੇਡਾਂ ਵਿੱਚ ਖਿਡਾਰੀ ਜਿਸ ਉਤਸ਼ਾਹ ਨਾਲ ਭਾਗ ਲੈ ਰਹੇ ਹਨ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 17 ਤੋਂ 22 ਅਕਤੂਬਰ ਤੱਕ ਗੁਰਦਾਸਪੁਰ ਵਿਖੇ ਹੋ ਰਹੇ ਇਨ੍ਹਾਂ ਰਾਜ ਪੱਧਰੀ ਜੂਡੋ ਮੁਕਾਬਲਿਆਂ ਵਿੱਚ ਅੰਡਰ 14, 17, 21-25 ਅਤੇ 25 ਸਾਲ ਵਰਗ ਤੋਂ ਉੱਪਰ ਦੇ ਲੜਕੇ ਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਸਰਟੀਫਿਕੇਟਸ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਬਣਾਈ ਗਈ ਨੀਤੀ ਅਨੁਸਾਰ ਇਹ ਪਹਿਲੀ ਵਾਰ ਹੋਇਆ ਹੈ ਕਿ ਏਸ਼ੀਅਨ ਖੇਡਾਂ ਵਿੱਚ ਪੰਜਾਬ ਦੇ ਵੱਡੀ ਗਿਣਤੀ ਖਿਡਾਰੀਆਂ ਨੇ ਮੈਡਲ ਹਾਸਲ ਕਰਕੇ ਸੂਬੇ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਜੂਡੋ ਦੇ ਖਿਡਾਰੀ ਉਲੰਪੀਅਨ ਅਵਤਾਰ ਸਿੰਘ ਅਤੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਰੰਧਾਵਾ ਨੇ ਖਿਡਾਰੀਆਂ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਆਪਣੀ ਖੇਡ ਪ੍ਰਤਿਭਾ ਦੇ ਜੌਹਰ ਵਿਖਾਉਣ ਦੀ ਅਪੀਲ ਕੀਤੀ।

ਜੱਗਾ ਮਜੀਠੀਆ ਆਮ ਆਦਮੀ ਪਾਰਟੀ 'ਚ ਸ਼ਾਮਲ

ਮਜੀਠਾ (ਸੋਇਮ ਆਨੰਦ)- ਪਿਛਲੇ ਕਾਫੀ ਸਮੇਂ ਤੋਂ ਸਿਆਸੀ ਪੰਡਤਾਂ ਵੱਲੋਂ ਇਹ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਮਜੀਠੇ ਹਲਕੇ ਦੀ ਸਿਆਸਤ ਵਿਚ ਕੋਈ ਵੱਡਾ ਧਮਾਕਾ ਹੋਵੇਗਾ ਅਤੇ ਅੱਜ ਹੀ ਹਲਕੇ ਵਿੱਚ ਪਤਾ ਲੱਗਾ ਕਿ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਨੂੰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਤਾਂ ਹਲਕੇ ਵਿੱਚ ਬਲਾਕ ਇੰਚਾਰਜਾਂ, ਸਰਕਲ ਇੰਚਾਰਜਾਂ ਅਤੇ ਵਲੰਟੀਅਰਾਂ ਵਿਚ ਖੁਸ਼ੀ ਦੀ ਲਹਿਰ ਪਾਈ ਗਈ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਮਜੀਠਾ ਬਲਜੀਤ ਸਿੰਘ ਜਿਜੈਆਣੀ, ਬਲਬੀਰ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਸੁਬੇਦਾਰ, ਰੇਸ਼ਮ ਸਿੰਘ ਬੇਗੇਵਾਲ, ਅਵਤਾਰ ਸਿੰਘ ਟਾਹਲੀ ਸਾਹਿਬ,ਰਸਿੰਦਰ ਕੁਮਾਰ ਰੂਪੋਵਾਲੀ,ਮਨਜੀਤ ਸਿੰਘ ਟਾਹਲੀ ਸਾਹਿਬ, ਤਰਵਿੰਦਰ ਸਿੰਘ ਸਾਧਪੁਰ, ਦਰਸ਼ਨ ਸਿੰਘ ਵੀਰਮ, ਜਗਦੀਸ਼ ਸਿੰਘ ਭੀਲੋਵਾਲ, ਮਨਸਿੰਦਰ ਸਿੰਘ ਮਾਂਗਾਸਰਾਏ, ਸਤਿੰਦਰ ਸਿੰਘ ਸ਼ਾਹ, ਕਾਬਲ ਸਿੰਘ ਗਿੱਲ, ਰਿਪੁਦਮਨ ਸਿੰਘ ਗਿੱਲ, ਅਮਰਪਾਲ ਸਿੰਘ ਅੰਮੂ ਅਤੇ ਹੋਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ।

ਨਸ਼ੀਲੇ ਪਦਾਰਥ ਸਮੇਤ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਐਸ ਆਈ ਗੁਰਦੀਪ ਸਿੰਘ ਥਾਣਾ ਮੇਹਟੀਆਣਾ ਸਮੇਤ ਸਾਥੀ ਕਰਮਚਾਰੀਆ ਨਾਲ ਸ਼ਕੀ ਪੁਰਸ਼ਾ ਦੀ ਤਲਾਸ਼ੀ ਦੇ ਸੰਬੰਧ 'ਚ ਪਿੰਡ ਡਵਿਡਾ ਅਹਿਰਾਣਾ ਤੋਂ ਤਨੂੰਲੀ ਨੂੰ ਜਾ ਰਹੇ ਸੀ ਤਾਂ ਜਦੋਂ ਪੁਲਸ ਪਾਰਟੀ ਨੂੰ ਦੇਖ ਕੇ ਪਿੱਛੇ ਨੂੰ ਮੁੜਨ ਲੱਗਾ ਪੁਲਸ ਨੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਕਾਬੂ ਕੀਤਾ ਜਿਸਨੇ ਆਪਣਾ ਨਾਂਅ ਸਤਪਾਲ ਉਰਫ ਸੱਤਾ ਵਾਸੀ ਮਾਨਾ ਥਾਣਾ ਮੇਹਟੀਆਣਾ ਦੱਸਿਆ ਉਹਨਾ ਦੱਸਿਆ ਕਿ ਉਕਤ 246 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਜਿਸ ਤੇ ਐਨ.ਡੀ.ਪੀ.ਐਸ. ਐਕਟ ਤਹਿਤ ਥਾਣਾ ਮੇਹਟੀਆਣਾ ਵਿਖੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ।

COURT NOTICE

In the Court of
Dr. Seema Agnihotri
Civil Judge (Junior Division),
Rupnagar.
CNR No. PBRO02-001172-2023
Next Date : 16.11.2023
Baljinder Kaur
Versus
General Public
Civil Suit for declaration

Publication issued to : General Public Tehsil and Distt. Rupnagar

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 16.11.2023 at 10.00 a.m.

For details logon to https://highcourtchd.gov.in/?trs=district notice & district=Ropar

Civil Judge (Junior Division),
Rupnagar.
Dated, this day of 18.10.2023

COURT NOTICE

In the Court of
Sh. Kawaljit Singh
Addl. Distt. and Sessions
Judge Tarn Taran.

Next Date, Purpose of Case, Orders and Judgments as well as other case information is available on http://districts.ecourts.gov.in.

CNR No. PBTT01-004493-2022
Next Date : 6.11.2023
Jaimel Singh
Versus
General Public

Publication issued to : General Public, Tarn Taran, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 6.11.2023 at 10.00 a.m.

For details logon to https://highcourtchd.gov.in/?trs=district notice & district=Tarn Taran

Addl. Distt. and Sessions
Judge Tarn Taran.
Dated, this day of 18.10.2023

COURT NOTICE

In the Court of
Ms. Rajni Chhokra
Principal Judge Family Court,
Tarn Taran.

Next Date, Purpose of Case, Orders and Judgments as well as other case information is available on http://districts.ecourts.gov.in.

CNR No. PBTT01-001129-2022
Next Date : 4.12.2023
Seeta @ Seeta Devi
Versus
Ajay Kumar

Petition u/s 13 of Hindu Marriage Act 1955 for Dissolution of marriage by a decree of Divorce

Publication issued to : Ajay Kumar F/o Sarwan Kumar R/o H.No. D7/83, Mohalla Regar, Ravi Dass Nagar Fatak No. 21, Gali Gurudwara Wali, Kot Khalsa, Amritsar.

having second Address : Gali Bhale Wali Khuhi Islamabad, Amritsar working address D.A.V. School, Hathi Gate, Katra Ahluwalia Amritsar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.12.2023 at 10.00 a.m.

For details logon to https://highcourtchd.gov.in/?trs=district notice & district=Tarn Taran

Principal Judge Family Court,
Tarn Taran.
Dated, this day of 19.10.2023

ਰਜਿਸਟਰੀ ਗੁੰਮਸ਼ੁਦਗੀ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਇਕ ਰਜਿਸਟਰੀ ਵਾਕਿਆ ਰਕਬਾ ਵਡਾਲੀ ਗੁਰੂ ਅਰਬਨ ਆਬਾਦੀ ਗੁਰੂ ਅਮਰ ਦਾਸ ਕਾਲੋਨੀ, ਨਰਾਇਣਗੜ੍ਹ, ਛੇਹਰਟਾ ਅੰਮ੍ਰਿਤਸਰ ਜਿਸਦਾ ਕੁਲ ਰਕਬਾ 150 ਵਰਗ ਗਜ, ਖਸਰਾ ਨੰਬਰ 270 ਵਸੀਕਾ ਨੰਬਰ 11154 ਮਿਤੀ 01/01/2003 ਜੋ ਕਿ ਅਮਰਜੀਤ ਸਿੰਘ, ਬਲਬੀਰ ਸਿੰਘ, ਲਖਬੀਰ ਸਿੰਘ, ਸਕੱਤਰ ਸਿੰਘ ਬਹੱਕ ਧੀਰ ਸਿੰਘ ਪੁੱਤਰ ਸੇਵਾ ਸਿੰਘ ਅਤੇ ਬਚਨ ਕੌਰ ਪਤਨੀ ਧੀਰ ਸਿੰਘ ਦੇ ਨਾਮ ਤੇ ਸੀ ਮਿਤੀ 10/09/2023 ਨੂੰ ਛੇਹਰਟਾ ਬਾਜਾਰ ਵਿਖੇ ਫੋਟੋ ਸਟੇਟ ਕਰਵਾਉਣ ਗਏ ਮੋਟਰ ਸਾਈਕਲ ਤੋਂ ਲਿਫਾਫਾ ਡਿੱਗ ਪੈਣ ਤੇ ਕਿਧਰੇ ਗੁੰਮ ਹੋ ਗਈ ਹੈ। ਜੋ ਕਿ ਕਾਫ਼ੀ ਭਾਲ ਕਰਨ ਤੇ ਨਹੀ ਮਿਲੀ। ਰਜਿਸਟਰੀ ਕਿਸੇ ਪਾਸ ਗਿਰਵੀ ਨਹੀ ਹੈ ਅਤੇ ਨਾ ਹੀ ਰਜਿਸਟਰੀ ਤੇ ਕੋਈ ਲੋਨ ਹੈ। ਜਿਸਦੀ ਰਿਪੋਰਟ ਪੁਲਿਸ ਥਾਣਾ ਛੇਹਰਟਾ ਵਿਖੇ ਦਰਜ ਕਰਵਾਈ ਗਈ ਹੈ । ਜਿਸਦਾ ਰੋਜਨਾਮਚਾ ਨੰਬਰ 022

20-OCT-PAGE-7.qxd 10/19/2023 10:55 PM Page 1

ਸੀਟੂ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਡਟ ਕੇ ਲੜਾਈ ਲੜੇਗੀ : ਐਡਵੋਕੇਟ ਦਲਿਓ

ਭੀਖੀ (ਧਰਮਵੀਰ ਸ਼ਰਮਾ)-ਨੇੜਲੇ ਪਿੰਡ ਖੀਵਾ ਕਲਾਂ ਵਿਖੇ ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਵੱਲੋਂ ਭਰਵੀਂ ਮੀਟਿੰਗ ਕੀਤੀ ਗਈ, ਜਿਸ ਵਿੱਚ ਸੀ.ਪੀ.ਆਈ.(ਐੱਮ) ਦੇ ਜ਼ਿਲ੍ਹਾ ਸਕੱਤਰ ਕਾ. ਸਵਰਨਜੀਤ ਸਿੰਘ ਦਲਿਓ ਐਡਵੋਕੇਟ ਸੀਟੂ ਦੇ ਜ਼ਿਲ੍ਹਾ ਸਕੱਤਰ ਕਾ. ਨਛੱਤਰ ਸਿੰਘ ਢੈਪਈ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਐਡਵੋਕੇਟ ਦਲਿਓ ਤੇ ਕਾ. ਢੈਪਈ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਕਿਰਤੀਆਂ ਦੀ ਪ੍ਰਮੁੱਖ ਤੇ ਲੜਾਕੂ ਜਥੇਬੰਦੀ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨ (ਸੀਟੂ) ਮਨਰੇਗਾ ਮਜ਼ਦੂਰਾਂ ਦੇ ਹੱਕਾਂ ਹਿੱਤਾਂ ਲਈ ਡੱਟ ਕੇ ਲੜਾਈ ਲੜੇਗੀ। ਕਿਸੇ ਵੀ ਮਜ਼ਦੂਰ ਨਾਲ ਜ਼ਿਆਦਤੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਦਾ ਸਰੇਆਮ ਸ਼ੋਸ਼ਣ ਕੀਤਾ ਰਿਹਾ ਹੈ। ਮਨਰੇਗਾ ਐਕਟ ਦੇ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਮਜ਼ਦੂਰਾਂ ਨੂੰ ਜ਼ਲੀਲ ਅਤੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰੇ ਮਜ਼ਦੂਰਾਂ ਦੀ ਬਜਾਏ ਚੋਣਵੇਂ ਮਜ਼ਦੂਰਾਂ ਨੂੰ ਕੰਮ ਦੇਣਾ, ਮਨਰੇਗਾ ਮਜ਼ਦੂਰਾਂ ਨੂੰ ਕੰਮ ਤੋਂ ਹਟਾਉਣ ਦੀਆਂ ਧਮਕੀਆਂ ਦੇਣਾ ਤੇ ਮੁੱਢਲੀ ਸਹਾਇਤਾ ਦਾ ਪ੍ਰਬੰਧ ਨਾ ਹੋਣਾ ਆਦਿ ਦੇ ਕਾਰਨ ਮਨਰੇਗਾ ਮਜ਼ਦੂਰਾਂ ਵਿੱਚ ਭਾਰੀ ਰੋਸ ਹੈ। ਮਜ਼ਦੂਰ ਆਗੂਆਂ ਨੇ ਆਪ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਘੰਟੇ ਦੇ ਨੋਟੀਫਿਕੇਸ਼ਨ ਨੂੰ ਸੂਬੇ ਵਿੱਚ ਲਾਗੂ ਕਰਨ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਕਿਰਤੀ ਵਿਰੋਧੀ ਫ਼ੈਸਲੇ ਨੇ ਆਮ ਆਦਮੀ ਪਾਰਟੀ ਦਾ ਚਿਹਰਾ ਨੰਗਾ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਮਨਰੇਗਾ ਮਜ਼ਦੂਰਾਂ ਨਾਲ ਕੋਈ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰੇਗੀ। ਉਕਤ ਆਗੂਆਂ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਜਥੇਬੰਦੀ ਦਾ ਵਫ਼ਦ ਸਬੰਧਤ ਅਧਿਕਾਰੀਆਂ ਨੂੰ ਮਿਲੇਗਾ। ਇਸ ਮੌਕੇ ਕਾ. ਹਰਨੇਕ ਸਿੰਘ ਖੀਵਾ, ਕਾ. ਬਲਜੀਤ ਸਿੰਘ ਖੀਵਾ, ਹਰਦੇਵ ਸਿੰਘ ਖੀਵਾ ਨੇ ਸੰਬੋਧਨ ਕੀਤਾ। ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਇਕਾਈ ਖੀਵਾ ਕਲਾਂ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਸ਼ਿੰਗਾਰਾ ਸਿੰਘ ਪ੍ਰਧਾਨ, ਕੁਲਵਿੰਦਰ ਕੌਰ ਸਕੱਤਰ, ਕਰਨੈਲ ਸਿੰਘ, ਸੁਖਵਿੰਦਰ ਕੌਰ, ਚਰਨਜੀਤ ਕੌਰ ਮੀਤ ਪ੍ਰਧਾਨ, ਗੁਰਮੇਲ ਸਿੰਘ, ਗੁਰਮੀਤ ਕੌਰ, ਜਸਪ੍ਰੀਤ ਕੌਰ ਮੀਤ ਪ੍ਰਧਾਨ, ਵੀਰਪਾਲ ਕੌਰ ਖਜ਼ਾਨਚੀ ਤੋਂ ਇਲਾਵਾ ਭੂਰੋ ਕੌਰ, ਮੇਲਾ ਸਿੰਘ, ਜਗਦੇਵ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਕੌਰ, ਮੇਲ ਕੌਰ ਆਦਿ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ।

ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਨੇ ਡਿਪਟੀ ਕਮਿਸ਼ਨਰ ਨਾਲ ਕੀਤੀ ਮੀਟਿੰਗ

ਮਲੋਟ, (ਗੁਰਮੀਤ ਸਿੰਘ ਮੱਕੜ):- ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਦੀ ਇੱਕ ਮੀਟਿੰਗ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨਾਲ ਡੀ.ਸੀ ਦਫਤਰ ਦੇ ਮੀਟਿੰਗ ਹਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸਾਹਿਬ ਨਾਲ ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਦੀ ਇਹ ਪਹਿਲੀ ਮੀਟਿੰਗ ਹੋਈ ਹੈ ਅਤੇ ਉਨ੍ਹਾਂ ਵਲੋਂ ਦੇਸ਼ ਭਗਤਾਂ ਦੇ ਪਰਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਡਿਪਟੀ ਕਮਿਸ਼ਨਰ ਸਾਹਿਬ ਨੂੰ ਲਿਖਤੀ ਤੌਰ 'ਤੇ ਜਾਣੂੰ ਕਰਵਾਇਆ।

ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਮੀਟਿੰਗ ਵਿਚ ਆਏ ਦੇਸ਼ ਭਗਤਾਂ ਦੇ ਪਰਵਾਰਾਂ ਨੂੰ ਭਰੋਸਾ ਦਿੱਤਾ ਕਿ ਜਿਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਆਜ਼ਾਦੀ ਦਾ ਨਿੱਘ ਮਾਣਦੇ ਹਾਂ ਉਨ੍ਹਾਂ ਦੇ ਪਰਵਾਰਾਂ ਨੂੰ ਕੋਈ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਉਨ੍ਹਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਮੀਟਿੰਗ ਵਿਚ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ, ਮੀਤ ਪ੍ਰਧਾਨ ਜਗਪ੍ਰੀਤ ਸਿੰਘ ਛਾਬੜਾ, ਜਨਰਲ ਸਕੱਤਰ ਬਲਜਿੰਦਰ ਸਿੰਘ ਮਧੀਰ, ਜ਼ਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ, ਜਸਕਰਨ ਸਿੰਘ ਜੱਸੋਆਣਾ, ਬਲਵੀਰ ਸਿੰਘ, ਹਾਮ ਸਿੰਘ ਮਿੱਡਾ, ਬਲਕਰਨ ਸਿੰਘ, ਜਗਸੀਰ ਸਿੰਘ, ਸੁਖਦੇਵ ਸਿੰਘ, ਕਿਰਪਾਲ ਸਿੰਘ, ਪ੍ਰੀਤਮ ਸਿੰਘ, ਮੁਖਤਿਆਰ ਸਿੰਘ, ਗੁਰਲਾਲ ਸਿੰਘ, ਨਰਿੰਦਰ ਸਿੰਘ, ਬਲਵਿੰਦਰ ਕੌਰ ਮਿੱਡਾ, ਨਿਰਮਲ ਕੌਰ ਅਤੇ ਮਨਜੀਤ ਕੌਰ ਆਦਿ ਹਾਜ਼ਰ ਸਨ।

ਵਰਕਰਾਂ ਦੀ ਮਿਹਨਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾਵੇਗਾ : ਬੜਿੰਗ, ਲਿਬੜਾ

ਨਵ-ਨਿਯੁਕਤ ਬਲਾਕ ਪ੍ਰਧਾਨਾਂ ਦਾ ਸਨਮਾਨ

ਮੰਡੀ ਗੋਬਿੰਦਗੜ੍ਹ, (ਲਖਵੀਰ ਸਿੰਘ, ਹਰਚਰਨ ਉੱਪਲ)-ਹਲਕਾ ਅਮਲੋਹ ਦੇ ਨਵ-ਨਿਯੁਕਤ ਬਲਾਕ ਪ੍ਰਧਾਨਾਂ ਦਾ ਸਨਮਾਨ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਜ਼ਿਲ੍ਹਾ ਪ੍ਰਧਾਨ ਅਜੈ ਸਿੰਘ ਲਿਬੜਾ ਵੱਲੋਂ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਗੈਰੀ ਬੜਿੰਗ ਤੇ ਜ਼ਿਲ੍ਹਾ ਪ੍ਰਧਾਨ ਲਿਬੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਕਿਸੇ ਵੀ ਵਰਕਰ ਦੀ ਮਿਹਨਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਵੇਗਾ ਤੇ ਸਮੇਂ ਸਮੇਂ ਉੱਪਰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵ-ਨਿਯੁਕਤ ਬਲਾਕ ਪ੍ਰਧਾਨਾਂ ਉੱਪਰ ਸਾਨੂੰ ਪੂਰਾ ਭਰੋਸਾ ਹੈ ਤੇ ਉਹ ਹਲਕਾ ਅਮਲੋਹ ਅੰਦਰ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ, ਉਥੇ ਹੀ ਵਰਕਰਾਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਨਵ-ਨਿਯੁਕਤ ਬਲਾਕ ਪ੍ਰਧਾਨਾਂ ਨੇ ਕਿਹਾ ਕਿ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ, ਉਥੇ ਹੀ ਦਿਨ-ਰਾਤ ਮਿਹਨਤ ਕਰਕੇ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਹੱਥ ਹੋਰ ਮਜ਼ਬੂਤ ਕੀਤੇ ਜਾਣਗੇ। ਇਸ ਮੌਕੇ ਵੱਡੀ ਗਿਣਤੀ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

ਮੰਡੀਆਂ 'ਚ ਹੜਤਾਲ ਕਾਰਨ ਕਿਸਾਨ ਪ੍ਰੇਸ਼ਾਨ: ਲੱਖੋਵਾਲ, ਪਾਲਮਾਜਰਾ

ਸਮਰਾਲਾ, (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਅਤੇ ਸਕੱਤਰ ਜਨਰਲ ਪਰਮਿੰਦਰ ਸਿੰਘ ਪਾਲਮਾਜਰਾ ਨੇ ਸਾਂਝਾ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਅੰਦਰ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਜ਼ਦੂਰਾਂ ਦੀ ਹੜਤਾਲ ਦੇ ਚੱਲਦਿਆਂ ਝੋਨੇ ਦੀ ਲੁਹਾਈ, ਛਣਾਈ, ਤੋਲਾਈ ਤੇ ਭਰਾਈ ਵਰਗੇ ਸਾਰੇ ਮੁਢਲੇ ਕੰਮ ਜੋ ਇਹ ਮਜ਼ਦੂਰ ਮੰਡੀਆਂ ਅੰਦਰ ਕਰਦੇ ਹਨ ਉਨ੍ਹਾਂ ਦੁਆਰਾ ਇਹ ਸਾਰੇ ਕੰਮ ਬੰਦ ਕਰਕੇ ਹੜਤਾਲ ਕੀਤੀ ਜਾ ਰਹੀ ਹੈ।

ਮਜ਼ਦੂਰਾਂ ਦੀ ਮੰਗ ਹੈ ਕਿ ਉਨ੍ਹਾਂ ਦੀ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ। ਜੇਕਰ ਉਨ੍ਹਾਂ ਦੀਆਂ ਮੰਗਾਂ ਸਰਕਾਰ ਨਹੀਂ ਮੰਨਦੀ ਤਾਂ ਉਹ ਮੰਡੀਆਂ ਅੰਦਰ ਕੰਮ ਬੰਦ ਰੱਖਣਗੇ ਤੇ ਦੂਜਾ ਆੜ੍ਹਤੀਆਂ ਨਾਲ ਵੀ ਸਰਕਾਰ ਦਾ ਰੇੜਕਾ ਚੱਲ ਰਿਹਾ ਹੈ। ਪੰਜਾਬ ਦੀਆਂ ਕਈ ਅਨਾਜ ਮੰਡੀਆਂ ਵਿੱਚ ਆੜਤੀਏ ਵੀ ਹੜਤਾਲ 'ਤੇ ਹਨ। ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਦੇ ਕਮਿਸ਼ਨ 'ਚ ਵੀ ਵਾਧਾ ਕੀਤਾ ਜਾਵੇ ਤੇ ਤੀਸਰਾ ਸ਼ੈਲਰ ਮਾਲਕਾਂ ਦਾ ਵੀ ਕੇਂਦਰ ਸਰਕਾਰ ਨਾਲ ਰੇੜਕਾ ਚੱਲ ਰਿਹਾ ਹੈ।

ਸ਼ੈਲਰ ਮਾਲਕ ਆਪਣੇ ਸ਼ੈਲਰਾਂ ਵਿੱਚ ਫਸਲ ਲਗਾਉਣ ਲਈ ਰਾਜ਼ੀ ਨਹੀਂ ਹਨ। ਜਿਸ ਕਾਰਨ ਪੰਜਾਬ ਦੀਆਂ ਅਨਾਜ ਮੰਡੀਆਂ ਅੰਦਰ ਖਰੀਦੇ ਹੋਏ ਝੋਨੇ ਦੇ ਬੋਰੀਆਂ ਦੇ ਅੰਬਾਰ ਲੱਗ ਗਏ ਹਨ। ਲਿਫਟਿੰਗ ਨਾ ਹੋਣ ਕਾਰਨ ਮੰਡੀਆਂ ਅੰਦਰ ਝੋਨਾ ਲੈ ਕੇ ਆ ਰਹੇ ਕਿਸਾਨਾਂ ਨੂੰ ਆਪਣਾ ਝੋਨਾ ਉਤਾਰਨ ਲਈ ਖਾਲੀ ਜਗ੍ਹਾ ਨਹੀਂ ਮਿਲ ਰਹੀ। ਸਾਰੀ ਖਰੀਦ ਪ੍ਰਣਾਲੀ ਹੀ ਠੱਪ ਪਈ ਹੈ। ਜਿਸ ਦਾ ਖਮਿਆਜ਼ਾ ਪੰਜਾਬ ਦਾ ਕਿਸਾਨ ਭੁਗਤ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਮੰਡੀਆਂ ਤੇ ਖੇਤਾਂ ਵਿੱਚ ਰੁਲ ਰਹੇ ਕਿਸਾਨਾਂ ਦੀ ਪੰਜਾਬ ਸਰਕਾਰ ਜਲਦ ਤੋਂ ਜਲਦ ਬਾਂਹ ਫੜੇ। ਮਜ਼ਦੂਰਾਂ, ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਨਾਲ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਮੰਗਾਂ ਮੰਨੇ ਤਾਂ ਜੋ ਮੁੜ ਤੋਂ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਖਰੀਦ ਵਧੀਆਂ ਢੰਗ ਨਾਲ ਚਾਲੂ ਹੋ ਸਕੇ

ਕਾਤਰਾਂ

ਉੱਤਰੀ ਜ਼ੋਨ ਬਾਕਸਿੰਗ ਟੂਰਨਾਮੈਂਟ ਭਲਕ ਤੋਂ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ 21 ਤੋਂ 23 ਅਕਤੂਬਰ 2023 ਤੱਕ ਤਿੰਨ ਦਿਨਾਂ ਉੱਤਰੀ ਜ਼ੋਨ ਮੁੱਕੇਬਾਜ਼ੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਸਕੂਲ ਪ੍ਰਿੰਸੀਪਲ ਸ੍ਰੀ ਡੀ. ਪੀ. ਠਾਕੁਰ ਨੇ ਦੱਸਿਆ ਕਿ ਕੁੱਲ 1484 ਮੁੱਕੇਬਾਜ਼ੀ ਦੇ ਖਿਡਾਰੀ (ਲੜਕੇ ਤੇ ਲੜਕੀਆਂ) ਇਸ ਈਵੈਂਟ ਵਿੱਚ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਦੇ 17 ਤੇ ਅੰਡਰ-19) ਭਾਗ ਲੈ ਰਹੇ ਹਨ, ਜਿਸ ਦੀਆਂ ਸਾਰੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਸਕੂਲ ਪ੍ਰਿੰਸੀਪਲ ਸ੍ਰੀ ਠਾਕੁਰ ਨੇ ਕਿਹਾ ਕਿ ਸਾਡੇ ਸਕੂਲ ਵਿਖੇ ਹੋਣ ਵਾਲੇ ਸਾਰੇ ਖੇਡ ਮੁਕਾਬਲਿਆਂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ ਤੇ ਇਸ ਲਈ ਇਹ ਨਾ ਸਿਰਫ ਇਲਾਕੇ ਦੇ ਸਭ ਤੋਂ ਨਾਮਵਰ ਸਕੂਲ ਲਈ ਸਗੋਂ ਪੇਂਡੂ ਸਮਾਜ ਲਈ ਵੀ ਮਾਣ ਵਾਲੀ ਗੱਲ ਹੋਵੇਗੀ।

ਬਲਾਇੰਡ ਹੋਮ ਦਾ ਕੀਤਾ ਦੌਰਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਵੀਰਇੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਿਰੋਜ਼ਪੁਰ ਦੀਆਂ ਹਦਾਇਤਾਂ ਅਨੁਸਾਰ ਮਾਨਯੋਗ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਿਰੋਜ਼ਪੁਰ ਵੱਲੋਂ ਹੋਮ ਫਾਰ ਬਲਾਇੰਡ, ਫ਼ਿਰੋਜ਼ਪੁਰ ਦਾ ਦੌਰਾ ਕੀਤਾ, ਜਿਸ ਦੌਰਾਨ ਮਾਨਯੋਗ ਜੱਜ ਵੱਲੋਂ ਬਲਾਇਡ ਹੋਮ, ਫਿਰੋਜ਼ਪੁਰ ਵਿੱਚ ਰਹਿ ਰਹੇ ਬੱਚਿਆਂ ਤੇ ਬਜ਼ੁਰਗਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਤੇ ਇਨ੍ਹਾਂ ਦਾ ਲਾਭ ਕੌਣ-ਕੌਣ ਲੈ ਸਕਦਾ ਹੈ, ਬਾਰੇ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਜੱਜ ਵੱਲੋਂ ਨਾਲਸਾ ਦੀ ਅਪਾਹਜਾਂ ਲਈ ਜਾਰੀ ਸਕੀਮ ਬੀਮਾਰ ਅਤੇ ਅਪਾਹਜ ਵਿਅਕਤੀਆਂ ਲਈ ਕਾਨੂੰਨੀ ਸੇਵਾਵਾਂ ਸਕੀਮ, 2015 ਬਾਰੇ ਵੀ ਜਾਗਰੂਕ ਕੀਤਾ ਗਿਆ ਅਤੇ ਹੋਮ ਵਿੱਚ ਮਿਲਣ ਵਾਲੀਆਂ ਸਹੂਲਤਾਂ ਬਾਰੇ ਨਰੀਖਣ ਕੀਤਾ।ਟੋਲ ਫ੍ਰੀ ਹੈਲਪਲਾਈਨ ਨੰਬਰ 1968 ਬਾਰੇ ਜਾਣੂ ਕਰਾਇਆ ਗਿਆ।

ਰੇਲਵੇ ਵੱਲੋਂ ਫ਼ਾਜ਼ਿਲਕਾ-ਦਿੱਲੀ ਵਿਚਾਲੇ ਚਲਾਈ ਜਾਵੇਗੀ ਸਪੈਸ਼ਲ ਟਰੇਨ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਫ਼ਿਰੋਜ਼ਪੁਰ ਰੇਲਵੇ ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਯਾਤਰੀਆਂ ਦੀ ਸਹੂਲਤ ਤੇ ਮੰਗ ਨੂੰ ਦੇਖਦੇ ਹੋਏ ਫ਼ਾਜ਼ਿਲਕਾ-ਦਿੱਲੀ ਜੰਕਸ਼ਨ ਵਿਚਕਾਰ ਵਿਸ਼ੇਸ਼ ਰੇਲ ਗੱਡੀ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਟਰੇਨ ਨੰਬਰ 04624/04623 ਫ਼ਾਜ਼ਿਲਕਾ-ਦਿੱਲੀ ਜੰਕਸ਼ਨ-ਫਾਜ਼ਿਲਕਾ ਸਪੈਸ਼ਲ ਟਰੇਨ ਦੇ ਨਾਂਅ 'ਤੇ ਚੱਲੇਗੀ।ਟਰੇਨ ਦੇ 2 ਗੇੜੇ ਹੋਣਗੇ।ਫ਼ਾਜ਼ਿਲਕਾ ਤੋਂ ਦਿੱਲੀ ਜੰਕਸ਼ਨ ਦੇ ਰਸਤੇ 'ਚ ਇਹ ਟਰੇਨ 14 ਸਟੇਸ਼ਨਾਂ 'ਤੇ ਰੁਕੇਗੀ ਰੇਲਵੇ ਮੁਤਾਬਕ 27 ਅਕਤੂਬਰ ਨੂੰ ਇਹ ਟਰੇਨ ਫ਼ਾਜ਼ਿਲਕਾ ਤੋਂ ਰਾਤ 10 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸਵੇਰੇ 8.05 ਵਜੇ ਦਿੱਲੀ ਜੰਕਸ਼ਨ ਪਹੁੰਚੇਗੀ।ਇਹ ਟਰੇਨ 31 ਅਕਤੂਬਰ ਨੂੰ ਸਵੇਰੇ 9 ਵਜੇ ਦਿੱਲੀ ਜੰਕਸ਼ਨ ਤੋਂ ਰਵਾਨਾ ਹੋਵੇਗੀ ਤੇ ਰਾਤ 8.25 ਵਜੇ ਫ਼ਾਜ਼ਿਲਕਾ ਪਹੁੰਚੇਗੀ ਇਸ ਟਰੇਨ ਵਿੱਚ ਸਲੀਪਰ ਤੇ ਜਨਰਲ ਕਲਾਸ ਕੋਚ ਹੋਣਗੇ।ਰਸਤੇ ਵਿੱਚ ਇਹ ਰੇਲ ਗੱਡੀ ਲਾਧੂਕਾ, ਜਲਾਲਾਬਾਦ, ਗੁਰੂਹਰਸਹਾਏ, ਫ਼ਿਰੋਜ਼ਪੁਰ ਕੈਂਟ, ਤਲਵੰਡੀ, ਮੋਗਾ, ਜਗਰਾਉਂ, ਮੁੱਲਾਂਪੁਰ, ਲੁਧਿਆਣਾ, ਅੰਬਾਲਾ ਕੈਂਟ, ਕਰਨਾਲ, ਪਾਣੀਪਤ ਜੰਕਸ਼ਨ, ਸਮਾਲਖਾ ਤੇ ਭੋਡਵਾਲ ਮਾਜਰੀ ਸਟੇਸ਼ਨਾਂ 'ਤੇ ਆਉਂਦੇ ਜਾਂਦੇ ਰੁਕੇਗੀ।

ਸਵੱਛਤਾ ਸਬੰਧੀ ਵਿਦਿਆਰਥਣਾਂ ਸਨਮਾਨਤ

ਭੀਖੀ, (ਧਰਮਵੀਰ ਸ਼ਰਮਾ)-ਜ਼ਿਲ੍ਹਾ ਪ੍ਰਸ਼ਾਸਨ ਦੇ ਹੁਕਮਾਂ ਤਹਿਤ ਤੇ ਕਾਰਜ ਸਾਧਕ ਅਫਸਰ ਦੀ ਅਗਵਾਈ ਹੇਠ ਸਵੱਛ ਭਾਰਤ

20-Oct-PAGE-8.qxd 10/19/2023 11:02 PM Page 1

ਮਹਾਲੋ-ਨਵਾਂਸ਼ਹਿਰ ਚੌਕ 'ਤੇ ਫਲਾਈਓਵਰ ਬਣਾਉਣ ਦੀ ਮੰਗ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਲੋਕਾਂ ਦੀਆ ਸਮੱਸਿਆਵਾਂ ਅਤੇ ਲੋਕ ਭਲਾਈ ਕੰਮਾਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਭਾਰਤ ਦੇ ਪੰਜਾਬ ਪ੍ਰਧਾਨ ਚੇਤ ਰਾਮ ਰਤਨ ਸੀਨੀਅਰ ਕੌਂਸਲਰ,ਐਡਵੋਕੇਟ ਵਿਸ਼ਾਲ ਸ਼ਰਮਾ ਚੇਅਰਮੈਨ ਲੀਗਲ ਸੈੱਲ ਪੰਜਾਬ, ਜਿਲ੍ਹਾ ਪ੍ਰਧਾਨ ਠੇਕੇਦਾਰ ਤਰਲੋਚਨ ਸਿੰਘ ਵਿਰਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮੰਦਰ ਨਵਾਂਸ਼ਹਿਰ ਵਿਖੇ ਵਿਸ਼ੇਸ਼ ਮੀਟਿੰਗ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਚੇਤ ਰਾਮ ਰਤਨ ਪੰਜਾਬ ਪ੍ਰਧਾਨ ਨੇ ਕਿਹਾ ਕਿ ਸਰਕਾਰ ਵੱਲੋਂ ਬਣਾਇਆ ਗਿਆ ਹਾਈਵੇ ਸੜਕ ਨਵਾਂਸ਼ਹਿਰ ਨੂੰ ਮਹਾਲੋਂ ਬਾਈਪਾਸ ਚੌਕ ਤੇ ਮੁੜਣ ਲੱਗਿਆ ਅਕਸਰ ਦੁਰਘਟਨਾਵਾਂ ਹੋ ਰਹੀਆਂ ਹਨ। ਸਰਕਾਰ ਵਲੋਂ ਇੱਥੇ ਫਲਾਈ ਓਵਰ ਬ੍ਰਿਜ ਬਣਾਉਣ ਦੀ ਬਜਾਏ ਕੱਟ ਰੱਖਿਆ ਗਿਆ। ਜਿਹੜਾ ਮਨੁੱਖੀ ਜਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮੰਗ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਕੇਂਦਰ, ਪੰਜਾਬ ਸਰਕਾਰ ਅਤੇ ਪੰਜਾਬ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਵੱਖ ਵੱਖ ਸੰਸਥਾਵਾਂ ਦੇ ਆਗੂਆਂ ਸਰਵ ਐਡਵੋਕੇਟ ਵਿਸ਼ਾਲ ਸ਼ਰਮਾ, ਲੋਕ ਭਲਾਈ ਸੁਸਾਇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਭਾਰਟਾ, ਐਨ ਆਰ ਆਈ ਸਮਾਜ ਸੇਵਕ ਗੁਰਚਰਨ ਸਿੰਘ ਨਾਰਵੇ, ਜਿਲ੍ਹਾ ਪ੍ਰਧਾਨ ਠੇਕੇਦਾਰ ਤਰਲੋਚਨ ਸਿੰਘ ਵਿਰਦੀ ਜੋਨਲ ਚੇਅਰਮੈਨ ਲਾਇਨ ਕਲੱਬ, ਮਨਜਿੰਦਰ ਸਿੰਘ ਬੁਲਾਰਾ ਪੰਜਾਬ, ਗੁਲਸਨ ਕੁਮਾਰ ਪ੍ਰਧਾਨ ਲਾਇਨ ਕਲੱਬ ਬੰਗਾ ਐਡਵੋਕੇਟ ਵਿਕਰਮ ਸ਼ਰਮਾ ਪ੍ਰਧਾਨ ਹਿਮਾਚਲ ਪ੍ਰਦੇਸ, ਬੀਬੀ ਬਲਜੀਤ ਕਾਦਰੀ ਸਰਪ੍ਰਸਤ ਸਤਿਗੁਰੂ ਕ੍ਰਿਪਾ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ, ਭੁਪਿੰਦਰ ਸਿੰਘ ਸੈਣੀ ਪ੍ਰਧਾਨ ਲਾਇਨ ਕਲੱਬ ਐਕਟਿਵ ਨਵਾਂਸ਼ਹਿਰ, ਅਵਤਾਰ ਸਿੰਘ ਟਿਵਾਣਾ ਉਘੇ ਸਮਾਜ ਸੇਵਕ, ਸੰਜੀਵ ਕੁਮਾਰ ਕੈਬ ਯੂਥ ਪ੍ਰਧਾਨ ਆਦਿ ਨੇ ਮਨੁੱਖਤਾ ਦੇ ਭਲੇ ਅਤੇ ਇਨਸਾਨੀ ਬਚਾਉਣ ਲਈ ਮਹਾਲੋ-ਨਵਾਂਸ਼ਹਿਰ ਚੌਕ 'ਤੇ ਫਲਾਈ ਓਵਰ ਬ੍ਰਿਜ ਬਣਾਉਣ ਦੀ ਜੋਰਦਾਰ ਮੰਗ ਕੀਤੀ।

'ਡੇਰਾਬੱਸੀ 'ਚ ਜਲਦ ਈ ਐੱਸ ਆਈ ਹਸਪਤਾਲ ਬਣੇਗਾ'

ਮੋਹਾਲੀ (ਗੁਰਜੀਤ ਬਿੱਲਾ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਡੇਰਾਬੱਸੀ ਵਿਖੇ ਅਤਿ-ਆਧੁਨਿਕ ਈ ਐਸ ਆਈ ਹਸਪਤਾਲ ਸਥਾਪਤ ਕਰਨ ਦੀ ਵਚਨਬੱਧਤਾ ਅਨੁਸਾਰ ਡਿਪਟੀ ਕਮਿਸਨਰ ਸ੍ਰੀਮਤੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਇਸ ਪ੍ਰਸਤਾਵ ਨੂੰ ਜਮੀਨੀ ਤੌਰ 'ਤੇ ਅਮਲੀ ਰੂਪ ਦੇਣ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਜਿਲ੍ਹਾ ਪੱਧਰੀ ਕਮੇਟੀ ਜਿਸ 'ਚ ਡਿਪਟੀ ਕਮਿਸ਼ਨਰ ਚੇਅਰਪਰਸਨ ਵਜੋਂ ਸ਼ਾਮਲ ਹਨ ਜਦਕਿ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਡਾਇਰੈਕਟਰ ਈ ਐਸ ਆਈ, ਖੇਤਰੀ ਡਾਇਰੈਕਟਰ ਈ ਐਸ ਆਈ ਅਤੇ ਡੇਰਾਬਸੀ ਅਤੇ ਲਾਲੜੂ ਨਗਰ ਕੌਂਸਲਾਂ ਦੇ ਕਾਰਜਕਾਰੀ ਅਧਿਕਾਰੀਆਂ ਨੇ ਮੈਂਬਰ ਵਜੋਂ ਡੇਰਾਬਸੀ ਵਿਖੇ ਤਿੰਨ ਅਤੇ ਲਾਲੜੂ ਵਿਖੇ ਦੋ ਥਾਵਾਂ ਦੀ ਸਨਾਖਤ ਕੀਤੀ ਹੈ। ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਹਾਲੀ ਵਿਖੇ ਹੋਈ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਈ ਐਸ ਆਈ ਦੇ ਉੱਤਰੀ ਜੋਨ ਦੇ ਮੈਡੀਕਲ ਕਮਿਸ਼ਨਰ ਅਤੇ ਈ ਐਸ ਆਈ ਦੇ ਖੇਤਰੀ ਡਾਇਰੈਕਟਰ ਨਾਲ ਪਹਿਲਾਂ ਤੋਂ ਸਨਾਖਤ ਕੀਤੀਆਂ ਗਈਆਂ ਥਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਡੇਰਾਬੱਸੀ ਨੂੰ ਸੜਕੀ ਸੰਪਰਕ, ਆਸਾਨ ਪਹੁੰਚ ਅਤੇ ਆਲੇ-ਦੁਆਲੇ ਸਨਅਤੀ ਖੇਤਰ ਦੇ ਹਿਸਾਬ ਨਾਲ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਈ ਐਸ ਆਈ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਖੇਤਰ ਦੇ ਮਜ਼ਦੂਰਾਂ ਅਤੇ ਹੋਰ ਈ ਐਸ ਆਈ ਲਾਭਪਾਤਰੀਆਂ ਦੀਆਂ ਸਿਹਤ ਜਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਅਤਿ-ਆਧੁਨਿਕ 100 ਬਿਸਤਰਿਆਂ ਵਾਲਾ ਹਸਪਤਾਲ ਬਣਾਉਣ ਲਈ ਲਗਭਗ 8 ਏਕੜ ਜ਼ਮੀਨ ਦੀ ਜਰੂਰਤ ਹੈ। ਮੀਟਿੰਗ 'ਚ ਹਾਜ਼ਰ ਅਧਿਕਾਰੀਆਂ 'ਚ ਡਾ. ਵੰਦਨਾ ਨੋਂਗਰੂਮ, ਜੋਨਲ ਮੈਡੀਕਲ ਕਮਿਸ਼ਨਰ, ਈ ਐਸ ਆਈ ਉੱਤਰੀ ਜੋਨ, ਰਾਕੇਸ਼ ਕੁਮਾਰ ਖੇਤਰੀ ਡਾਇਰੈਕਟਰ ਈ ਐਸ ਆਈ, ਰਾਜੀਵ ਕੁਮਾਰ ਦੀਕਸ਼ਿਤ ਕਾਰਜਕਾਰੀ ਇੰਜਨੀਅਰ ਈ ਐਸ ਆਈ, ਡਾ. ਰਾਜੀਵ ਛਾਬੜਾ ਸਟੇਟ ਮੈਡੀਕਲ ਅਫਸਰ ਈ ਐਸ ਆਈ, ਡਾ. ਹਰਪ੍ਰੀਤ ਕੌਰ ਧਾਲੀਵਾਲ ਐਸ ਐਮ ਓ ਇੰਚਾਰਜ ਈ ਐਸ ਆਈ ਮੋਹਾਲੀ ਅਤੇ ਕਾਰਜਸਾਧਕ ਅਫਸਰ ਡੇਰਾਬੱਸੀ ਅਤੇ ਲਾਲੜੂ ਦੇ ਅਧਿਕਾਰੀ ਕੁਮਵਾਰ ਵਰਿੰਦਰ ਕੁਮਾਰ ਜੈਨ ਅਤੇ ਗੁਰਬਖਸੀਸ ਸਿੰਘ ਸੰਧੂ ਸ਼ਾਮਲ ਹਨ।

ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਵੱਲੋਂ ਰੈਲੀ ਕਰਕੇ ਸਿਵਲ ਸਰਜਨ ਨੂੰ ਮੰਗ ਪੱਤਰ ਸੌਂਪਿਆ

ਹੁਸ਼ਿਆਰਪੁਰ, (ਬਲਵੀਰ ਸੈਣੀ)

ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਸੂਬਾ ਕਮੇਟੀ ਦੇ ਫੈਸਲੇ ਤਹਿਤ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਆਮ ਆਦਮੀ ਕਲੀਨਿਕਾਂ ਦਾ ਵਿਰੋਧ ਕਰਨ ਅਤੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਅੱਗੇ ਤੋਰਦਿਆ ਸੂਬੇ ਅੰਦਰ ਸਾਰੇ ਹੀ ਮੰਤਰੀਆਂ ਅਤੇ ਵਿਧਾਇਕਾਂ ਰਾਹੀਂ ਸਿਹਤ ਮੰਤਰੀ ਨੂੰ ਮੰਗ ਪੱਤਰ ਭੇਜਣ ਅਤੇ ਸਮੂਹ ਸਿਵਲ ਸਰਜ ਦਫਤਰਾਂ ਅੱਗੇ ਰੋਸ ਰੈਲੀਆਂ ਕਰਕੇ ਸਿਵਲ ਸਰਜਨਾਂ ਰਾਹੀ ਸਿਹਤ ਮੰਤਰੀ ਨੂੰ ਮੰਗ ਪੱਤਰ ਭੇਜਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸੰਘਰਸ਼ ਦੇ ਤਹਿਤ ਹੁਸ਼ਿਆਰਪੁਰ ਅੰਦਰ ਵੀ ਹਲਕਾ ਮੁਕੇਰੀਆਂ, ਦਸੂਹਾ, ਟਾਂਡਾ, ਸ਼ਾਮਚੁਰਾਸੀ, ਹੁਸ਼ਿਆਰਪੁਰ, ਚੱਬੇਵਾਲ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਮੰਗ ਪੱਤਰ ਸੌਂਪਣ ਉਪਰੰਤ ਸਿਵਲ ਸਰਜਨ ਦਫਤਰ ਅੱਗੇ ਰੋਸ ਰੈਲੀ ਕੀਤੀ ਗਈ। ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਇੰਦਰਜੀਤ ਵਿਰਦੀ ਦੀ ਅਗਵਾਈ ਹੇਠ ਕੀਤੀ ਇਸ ਰੈਲੀ ਵਿੱਚ ਜ਼ਿਲ੍ਹੇ ਦੇ ਫਾਰਮੇਸੀ ਅਫਸਰਾਂ ਵੱਲੋਂ ਭਾਗ ਲਿਆ ਗਿਆ। ਐਸੋਸੀਏਸ਼ਨ ਦੀ ਜ਼ਿਲ੍ਹਾ ਸਕੱਤਰ ਦੀਪਾਂਜਲੀ ਭੱਟੀ ਵਲੋਂ ਰੈਲੀ ਦੀ ਕਾਰਵਾਈ ਚਲਾਉਂਦਿਆਂ ਰੈਲੀ ਦੇ ਮਨੋਰਥ, ਸੂਬਾ ਕਮੇਟੀ ਦੇ ਫੈਸਲੇ ਅਤੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਸੰਬੰਧੀ ਵਿਸਥਾਰ ਵਿੱਚ ਚਰਚਾ ਕੀਤੀ। ਇਸ ਰੈਲੀ ਨੂੰ ਸੰਬੋਧਨ ਕਰਦਿਆ ਜੱਥੇਬੰਦੀ ਦੇ ਸੂਬਾ ਆਗੂ ਬਲਰਾਜ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਕੇਵਲ ਆਪਣੇ ਪ੍ਰਚਾਰ ਲਈ ਪੰਜਾਬ ਦੇ ਲੋਕਾਂ ਦਾ ਕਰੋੜਾਂ ਰੁਪਈਆਂ ਫੂਕ ਰਹੀ ਹੈ ਅਤੇ ਸਿਰਫ ਆਪਣੇ ਦਿਲੀ ਵਾਲੇ ਆਕਾ ਨੂੰ ਖੁਸ਼ ਕਰਨ ਲਈ ਪੰਜਾਬ ਅੰਦਰ ਵੀ ਆਮ ਆਦਮੀ ਕਲੀਨਿਕ ਖੋਲ੍ਹ ਕੇ ਪਹਿਲਾਂ ਤੋਂ ਵਧੀਆਂ ਸਹੂਲਤਾਂ ਪ੍ਰਦਾਨ ਕਰ ਰਹੇ ਸਿਹਤ ਅਦਾਰਿਆ ਦਾ ਦਰਜਾ ਘਟਾ ਦਿੱਤਾ ਗਿਆ ਹੈ, ਕਈ ਸੰਸਥਾਵਾਂ ਵਿੱਚ 24 ਘੰਟੇ ਚੱਲਦੀਆਂ ਸੇਵਾਵਾਂ ਠੱਪ ਕੀਤੀਆਂ ਗਈਆਂ ਹਨ, ਜਰੂਰੀ ਫਾਰਮ ਅਟੈਸਟ ਕਰਵਾਉਣ, ਮੈਡੀਕਲ ਛੁੱਟੀ ਦੇਣ ਸਹਿਤ ਹੋਰ ਵੀ ਬਹੁਤ ਸਾਰੇ ਅਧਿਕਾਰ ਇਹਨਾਂ ਸੰਸਥਾਵਾਂ ਵਿੱਚ ਠੇਕੇ 'ਤੇ ਨਵੇਂ ਭਰਤੀ ਕੀਤੇ ਡਾਕਟਰਾਂ ਕੋਲੋਂ ਖੋਹ ਲਏ ਗਏ ਹਨ ਜਿਸ ਕਾਰਨ ਇਹਨਾਂ ਛੋਟੇ ਛੋਟੇ ਕੰਮਾਂ ਲਈ ਵੀ ਪਿੰਡਾਂ ਦੇ ਲੋਕਾਂ ਨੂੰ ਦੂਰ-ਦੁਰਾਡੇ ਜਾ ਕੇ ਖੱਜਲ ਖੁਆਰ ਹੋਣਾ ਪਵੇਗਾ। ਰੋਜ਼ਗਾਰ ਦੇਣ ਦੇ ਨਾ ਹੇਠ ਇਹਨਾਂ ਸੰਸਥਾਵਾਂ ਵਿੱਚ ਨਿਰੋਲ ਠੇਕੇ

ਤੇ ਭਰਤੀ ਕੀਤੀ ਗਈ ਹੈ ਅਤੇ ਸਟਾਫ ਨੂੰ ਪ੍ਰਤੀ ਮਰੀਜ ਦੇ ਹਿਸਾਬ ਨਾਲ ਮਿਹਨਤਾਨਾ ਦੇ ਕੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਦਿਹਾੜੀਦਾਰ ਬਣਾ ਕੇ ਰੱਖ ਦਿੱਤਾ ਹੈ। ਜੱਥੇਬੰਦੀ ਦੇ ਆਗੂਆਂ ਜਤਿੰਦਰਪਾਲ ਗੋਲਡੀ, ਵਰਿੰਦਰ ਸਿੰਘ, ਬਲਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਇੰਦਰਪ੍ਰੀਤ ਸਿੰਘ, ਅਜੈ ਸ਼ਰਮਾ, ਪਰਮਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਅਤੇ ਪੰਜਾਬ ਦੇ ਲੋਕਾਂ ਨੂੰ ਵਧੀਆਂ ਸਿਹਤ ਸਹੂਲਤਾਂ ਦੇਣਾਂ ਚਾਹੁੰਦੀ ਤਾਂ ਇਹਨਾਂ ਪਹਿਲਾਂ ਤੋਂ ਚੱਲ ਰੀਆਂ ਸੰਸਥਾਵਾਂ ਨੂੰ ਹੋਰ ਵੀ ਸਹੂਲਤਾਂ ਪ੍ਰਧਾਨ ਕਰਕੇ ਅਤੇ ਖਾਲੀ ਅਸਾਮੀਆਂ ਨੂੰ ਪੱਕੇ ਤੌਰ ਤੇ ਭਰਤੀ ਕਰਕੇ ਸਿਹਤ ਵਿਭਾਗ ਵਿੱਚ ਸੁਧਾਰ ਕਰ ਸਕਦੀ ਸੀ। ਇਸ ਮੌਕੇ ਰਘਵੀਰ ਸਿੰਘ, ਮਨਜੀਤ ਸਿੰਘ, ਅਜੀਤ ਸਿੰਘ, ਜਸਬੀਰ ਕੌਰ, ਨਵਜੋਤ ਕੌਰ, ਕੰਚਨਾ, ਨਰਿੰਦਰ ਸਿੰਘ, ਪ੍ਰਭਜੋਤ ਕੌਰ, ਤਜਿੰਦਰ ਸਿੰਘ, ਰਾਜੀ, ਕਮਲ ਕੁਮਾਰ ਤੋਂ ਇਲਾਵਾ ਜ਼ਿਲ੍ਹੇ ਭਰ ਤੋਂ ਫਾਰਮੇਸੀ ਅਫਸਰ ਵੀ ਮੌਜੂਦ ਸਨ।

ਨਸ਼ੀਲੇ ਪਦਾਰਥ ਸਮੇਤ ਇੱਕ ਕਾਬੂ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵਲੋਂ ਉੱਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਏ ਐਸ ਆਈ ਸਤਨਾਮ ਸਿੰਘ ਚੌਕੀ ਇੰਚਾਰਜ ਅਜਨੋਹਾ ਥਾਣਾ ਮੇਹਟੀਆਣਾ ਸਮੇਤ ਸਾਥੀ ਕਰਮਚਾਰੀਆ ਨਾਲ ਬਰਾਏ ਕਰਨੇ ਗਸ਼ਤ ਸ਼ੱਕੀ ਪੁਰਸਾ ਦੀ ਤਲਾਸ਼ ਦੇ ਸੰਬੰਧ 'ਚ ਨਾਕਾਬੰਦੀ ਅਜਨੋਹਾ ਪਰ ਮੌਜੂਦ ਸੀ ਤਾਂ ਇੱਕ ਮਾਈਉ ਪੱਟੀ ਵੱਲੋਂ ਇੱਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ ਤਾਂ ਪੁਲਸ ਨੂੰ ਦੇਖ ਕੇ ਪਿੱਛੇ ਨੂੰ ਮੁੜਨ ਲੱਗਾ ਤਾ ਏ ਐਸ ਆਈ ਸਤਨਾਮ ਸਿੰਘ ਨੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਉਸਨੂੰ ਕਾਬੂ ਕੀਤਾ ਜਿਸ ਨੇ ਆਪਣਾ ਨਾਂਅ ਮਨਪ੍ਰੀਤ ਸਿੰਘ ਉਰਫ ਮੋਨੂੰ ਪੁੱਤਰ ਪਰਮਜੀਤ ਸਿੰਘ ਵਾਸੀ ਅਜਨੋਹਾ ਥਾਣਾ ਮੋਹਟੀਆਣਾ ਦੱਸਿਆ ਉਸ ਦੀ ਤਲਾਸ਼ੀ ਲੈਣ 'ਤੇ 60 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ, ਜਿਸ 'ਤੇ ਮਾਮਲਾ ਦਰਜ ਕਰ ਲਿਆ ਗਿਆ।

ਐੱਨ ਐੱਸ ਐੱਸ ਕੈਂਪ ਦੇ ਤੀਜੇ ਦਿਨ ਵਿਦਿਆਰਥੀਆਂ ਨੇ ਕੀਤਾ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਨ ਐੱਸ ਐੱਸ ਵਿਭਾਗ ਅਧੀਨ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਪ੍ਰੋਗਰਾਮ ਅਫ਼ਸਰ ਪ੍ਰੋ. ਸੁਖਵੀਰ ਕੌਰ ਦੀ ਅਗਵਾਈ 'ਚ ਲਗਾਏ ਜਾ ਰਹੇ ਸੱਤ ਰੋਜ਼ਾ ਐਨ ਐੱਸ ਐੱਸ ਕੈਂਪ ਦੇ ਤੀਜੇ ਦਿਨ ਵਿਦਿਆਰਥੀਆਂ ਨੇ ਕੀਤਾ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ। ਇਸ ਮੌਕੇ ਜਿਲ੍ਹਾ ਲੀਗਲ ਸਰਵਿਸ ਅਥਾਰਟੀ ਰੂਪਨਗਰ ਅਤੇ ਸਿਵਲ ਹਸਪਤਾਲ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਕਾਲਜ ਵੱਲੋਂ ਨਸ਼ਿਆਂ ਖ਼ਿਲਾਫ਼ ਵਿਸ਼ੇਸ਼ ਸਮਾਰੋਹ ਕੀਤਾ ਗਿਆ। ਮੈਡਮ ਹਿਮਾਂਸ਼ੀ ਗਲਹੋਤਰਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਰੂਪਨਗਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਅਰੰਭਤਾ 'ਚ ਕਾਲਜ ਪ੍ਰਿੰਸੀਪਲ ਪ੍ਰੋ. ਜਗਰੂਪ ਸਿੰਘ ਵੱਲੋਂ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਕੌਂਸਲਰਾਂ ਦੀ ਟੀਮ ਨੂੰ ਜੀ ਆਇਆਂ ਨੂੰ ਆਖਦਿਆਂ ਸਵਾਗਤ ਕੀਤਾ। ਕਾਲਜ ਵਲੰਟੀਅਰਾਂ ਦੀ ਨਸ਼ਿਆਂ ਖ਼ਿਲਾਫ਼ ਤੇ ਤੰਦਰੁਸਤ ਪੰਜਾਬ ਮਿਸ਼ਨ ਅਧੀਨ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਕਾਲਜ ਪ੍ਰਸ਼ਾਸ਼ਨ

ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ ਤੇ ਪੋਸਟਰ ਬਣਾਉਣ 'ਚ ਪਹਿਲਾ ਸਥਾਨ ਗਰੁੱਪ ਛੇਵਾਂ, ਦੂਜਾ ਸਥਾਨ ਗਰੁੱਪ ਤੀਜਾ, ਤੀਜਾ ਸਥਾਨ ਗਰੁੱਪ ਪੰਜਵਾਂ ਤੇ ਸਲੋਗਨ ਲੇਖਣ 'ਚ ਪਹਿਲਾ ਸਥਾਨ ਗਰੁੱਪ ਚੌਥਾ, ਦੂਜਾ ਸਥਾਨ ਗਰੁੱਪ ਦੂਜਾ, ਤੀਜਾ ਸਥਾਨ ਗਰੁੱਪ ਪੰਜਵਾਂ ਦੀਆਂ ਟੀਮਾਂ ਅਤੇ ਨੁੱਕੜ ਨਾਟਕ ਦੀ ਟੀਮ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਫੂਡ ਸੇਫਟੀ ਟੀਮਾਂ ਨੇ ਬਨੂੜ ਤੋਂ ਮਠਿਆਈਆਂ ਦੇ ਸੈਂਪਲ ਲਏ

ਬਨੂੰੜ, (ਕ੍ਰਿਸ਼ਨ ਗਰਗ)

ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਵੱਲੋਂ ਤਿਉਹਾਰਾਂ ਦੇ ਸੀਜਨ ਦੇ ਮੱਦੇਨਜਰ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੇ ਮੱਦੇਨਜਰ ਉਪ ਮੰਡਲ ਮੈਜਿਸਟਰੇਟ, ਮੋਹਾਲੀ ਚੰਦਰਜੋਤੀ ਸਿੰਘ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਵੱਲੋਂ ਬਨੂੜ ਵਿਖੇ ਮਿਠਾਈ ਦੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ ਡੀ ਐਮ ਮੋਹਾਲੀ ਚੰਦਰਜੋਤੀ ਸਿੰਘ ਨੇ ਦੱਸਿਆ ਕਿ ਇਸ ਨਿਰੀਖਣ ਦਾ ਉਦੇਸ ਫੂਡ ਸੇਫਟੀ ਐਂਡ ਸਟੈਂਡਰਡ ਐਕਟ ਆਫ ਇੰਡੀਆ ਦੇ ਤਹਿਤ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਠਿਆਈਆਂ ਦੇ ਨਿਰਮਾਣ ਦੀ ਗੁਣਵੱਤਾ ਅਤੇ

20-Oct-PAGE-9.qxd 10/19/2023 11:03 PM Page 1

ਕੰਪਿਊਟਰ ਅਧਿਆਪਕ 22 ਨੂੰ ਫੂਕਣਗੇ ਪੰਜਾਬ ਸਰਕਾਰ ਦੀਆਂ ਅਰਥੀਆਂ

ਜਲੰਧਰ (ਰਾਜੇਸ਼ ਥਾਪਾ)

ਬਦੀ 'ਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸਿਹਰੇ ਦੇ ਤਿਉਹਾਰ ਮੌਕੇ ਪੰਜਾਬ ਸਰਕਾਰ ਦੇ ਲਾਰਿਆ ਅਤੇ ਟਾਲ-ਮਟੋਲ ਅਤੇ ਲਾਰੇ ਲੱਪੇ ਦੀ ਨੀਤੀ ਤੋਂ ਤੰਗ ਕੰਪਿਊਟਰ

ਅਧਿਆਪਕ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਅਗਵਾਈ ਹੇਠ ਜਿਲ੍ਹਾਂ ਜਲੰਧਰ ਤੋਂ ਪ੍ਰਧਾਨ ਰਮਨ ਕੁਮਾਰ ਅਤੇ ਸੂਬਾ ਪ੍ਰੈਸ ਸਕੱਤਰ ਹਰਜਿੰਦਰ ਮਹਿਸਮਪੁਰ ਨੇ ਕੰਪਿਊਟਰ ਅਧਿਆਪਕਾਂ ਦੇ ਰੈਗੂਲਰ ਲਿਖਤ ਨਿਯੁਕਤੀ ਪੱਤਰਾਂ ਅਤੇ ਲਿਖਤ ਕੀਤੇ ਵਾਅਦਿਆ ਨੂੰ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਗਿਆ ਅਤੇ ਜੱਥੇਬੰਦੀ ਵਲੋਂ ਪੰਜਾਬ ਸਰਕਾਰ ਦੀ ਭੇਦ-ਭਾਵ ਦੀ ਨੀਤੀ ਦੀ ਨਿਖੇਧੀ ਕੀਤੀ ਗਈ ਅਤੇ 22 ਅਕਤੂਬਰ ਨੂੰ ਜਿਲ੍ਹਾ ਪੱਧਰੀ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਕੀਤੇ ਗਏ ਵਾਅਦਿਆ ਨੂੰ ਜਨਤਕ ਕੀਤਾ ਜਾਵੇਗਾ। ਜੱਥੇਬੰਦੀ ਦੇ ਆਗੂਆ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਦੱਸਿਆ ਕਿ ਬੇਸ਼ੱਕ 2011 ਵਿੱਚ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ 'ਚ ਨਿਯੁਕਤੀ ਪੱਤਰਾਂ ਅਨੁਸਾਰ ਪੰਜਾਬ ਸਿਵਲ ਸਰਵਿਸ ਸੇਵਾਵਾਂ ਨਿਯਮਾਂ ਤਹਿਤ ਰੈਗੂਲਰ ਕਰ ਦਿੱਤਾ ਪਰ 13 ਸਾਲ ਬੀਤਣ ਉਪਰੰਤ ਵੀ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ 'ਚ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀਂ ਕੀਤੇ ਗਏ, ਜਿਸ ਸੰਬੰਧੀ ਵਰਤਮਾਨ ਪੰਜਾਬ ਸਰਕਾਰ ਨਾਲ 35 ਤੋਂ ਵੱਧ ਮੀਟਿੰਗਾਂ ਹੋ ਚੁੱਕੀਆਂ ਹਨ, ਜਿਸ 'ਚ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਵੀ ਹੱਲ ਨਹੀਂ ਕੀਤਾ ਜਾ ਰਿਹਾ ਹੈ। ਆਪਣੀਆ ਜਾਇਜ ਅਤੇ ਹੱਕੀ ਮੰਗਾਂ ਨੂੰ ਮਨਵਾਉਣ ਲਈ ਆਰ-ਪਾਰ ਦਾ ਸੰਘਰਸ਼ ਰਾਹੀ 29 ਅਕਤੂਬਰ ਦੀ ਰੈਲੀ ਗੁਪਤ ਰੂਪ ਕੀਤੀ ਜਾਵੇਗੀ , ਜਿਸ ਦੀ ਨਿਰੋਲ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਵਕਤ ਸੁਖਵਿੰਦਰ ਸਿੰਘ, ਇਕਬਾਲ ਸਿੰਘ, ਮਨਦੀਪ ਕੁਮਾਰ, ਦੀਪਕ ਸੱਲਣ, ਬਲਜੀਤ ਸਿੰਘ ਭੱਲਰ, ਅਜੀਤਪਾਲ ਸਿੰਘ, ਰੁਪਿੰਦਰ ਕੁਮਾਰ, ਸੁਖਵਿੰਦਰ ਮਾਹੀ, ਗੁਰਪ੍ਰੀਤ ਸਿੰਘ, ਦਲਜੀਤ ਕੁਮਾਰ, ਸਨਪ੍ਰੀਤ ਸਿੰਘ, ਵਿਨੋਦ ਕੁਮਾਰ ਅਤੇ ਹੋਰ ਹਾਜ਼ਰ ਸਨ।

ਸੇਵਾ ਕੇਂਦਰ 24 ਨੂੰ ਦੁਸਹਿਰੇ ਦੇ ਤਿਉਹਾਰ ਵਾਲੇ ਦਿਨ ਖੁੱਲ੍ਹੇ ਰਹਿਣਗੇ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਜਿਲ੍ਹੇ ਦੇ ਸਮੂਹ 35 ਸੇਵਾ ਕੇਂਦਰ 24 ਅਕਤੂਬਰ ਨੂੰ ਦੁਸਹਿਰੇ ਦੇ ਤਿਉਹਾਰ ਵਾਲੇ ਦਿਨ ਖੁੱਲ੍ਹੇ ਰਹਿਣਗੇ ਅਤੇ ਲੋਕਾਂ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਸੇਵਾਵਾਂ ਪ੍ਰਦਾਨ ਕਰਨਗੇ। ਬੁਲਾਰੇ ਨੇ ਦੱਸਿਆ ਕਿ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਨਿਰਵਿਘਨ ਅਤੇ ਸਮਾਬੱਧ ਢੰਗ ਨਾਲ ਪ੍ਰਦਾਨ ਕਰਨ ਲਈ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਆਦਾਤਰ ਲੋਕ ਦੁਸਹਿਰੇ ਦੀ ਜਨਤਕ ਛੁੱਟੀ ਵਾਲੇ ਦਿਨ ਰੁੱਝੇ ਨਹੀਂ ਹੋਣਗੇ ਅਤੇ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਦਾ ਲਾਭ ਉਠਾ ਸਕਣਗੇ।

ਮੈਡੀਕਲ ਜਾਂਚ ਕੈਂਪ 25 ਨੂੰ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਮਨਜਿੰਦਰ ਕੁਮਾਰ ਦੇ ਸਹਿਯੋਗ ਨਾਲ ਦਿਲ ਦੇ ਰੋਗ ਅਤੇ ਮੁਫਤ ਜਾਂਚ ਅਤੇ ਮੈਡੀਕਲ ਜਾਂਚ ਕੈਂਪ ਨਾਭ ਕੰਵਲ ਰਾਜਾ ਸਾਹਿਬ ਦੀ ਪਵਿੱਤਰ ਯਾਦ ਨੂੰ ਸਮਰਪਿਤ 32 ਸਾਲਾਨਾ ਜੋੜ ਮੇਲੇ 'ਤੇ 25 ਅਕਤੂਬਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2.30 ਵਜੇ ਤੱਕ ਬੰਗਲਾ ਸਾਹਿਬ ਪਿੰਡ ਸੁੱਜੋ 'ਚ ਲਗਵਾਇਆ ਜਾ ਰਿਹਾ ਹੈ। ਮਨਜਿੰਦਰ ਕੁਮਾਰ ਨੇ ਦੱਸਿਆ ਕਿ ਡਾਕਟਰ ਜਿਵਤੇਸ਼ ਪਾਹਵਾ ਦਿਲ ਦੇ ਰੋਗ ਦੇ ਮਾਹਿਰ ਡਾਕਟਰ ਜਸਲੀਨ ਪਾਹਵਾ ਐਮ ਡੀ, ਡਾਕਟਰ ਮਨੀਸ਼ ਭਾਟੀਆ, ਡਾਕਟਰ ਬਲਵੀਰ ਜੱਸਲ, ਡਾ. ਮਨਜਿੰਦਰ ਜਨਰਲ ਰੋਗਾਂ ਦੇ ਮਹਿਰ ਅਤੇ ਮੁਫਤ ਜਾਂਚ , ਬਲੱਡ ਪ੍ਰੈਸ਼ਰ, ਈ ਸੀ ਜੀ, ਬਲੱਡ ਸ਼ੂਗਰ ਦੇ ਟੈਸਟ ਮੁਫਤ ਕੀਤੇ ਜਾਣਗੇ।

ਵਿਧਾਇਕ ਨੇ ਡਹਿਰ ਵਿਖੇ ਪੰਜ ਸਭਾਵਾਂ ਨੂੰ ਸੀਡਰ ਮਸ਼ੀਨਾਂ ਦਿੱਤੀਆਂ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)

ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੇ ਭਲੇ ਲਈ ਹਰ ਸਮੇਂ ਹਾਜ਼ਰ ਹੈ ਅਤੇ ਕਿਸਾਨਾਂ ਦੀ ਭਲਾਈ ਲਈ ਲਗਾਤਰ ਕੰਮ ਕਰ ਰਹੀ ਹੈ। ਇਸੇ ਉਦੇਸ਼ ਦੇ ਤਹਿਤ ਝੋਨੇ ਦੀ ਕਟਾਈ ਤੋਂ ਬਾਅਦ ਕਣਕ ਦੀ ਬਿਜਾਈ ਸਮੇਂ ਸਿਰ ਕਰਨ ਲਈ ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਨੂੰ ਸਬਸਿਡੀ ਤੇ ਇਹ ਸਰਫੇਸ ਸੀਡਰ ਮਸ਼ੀਨਾਂ ਦਿੱਤੀਆ ਜਾ ਰਹੀਆ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਪ੍ਰਾਇਮਰੀ ਸਹਿਕਾਰੀ ਸਭਾ ਪਿੰਡ ਡਹਿਰ ਵਿਖੇ ਪੰਜ ਸਹਿਕਾਰੀ ਸਭਾਵਾਂ ਦੇ ਸੈਕਟਰੀਆਂ ਨੂੰ ਸਰਫ਼ੇਸ ਸੀਡਰ ਮਸ਼ੀਨਾਂ ਦੇਣ ਸਮੇਂ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਅਤੇ ਵਾਤਾਵਰਣ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਨਾ ਸਾੜੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਖੇਤ 'ਚ ਹੀ ਮਿਲਾਉਣ ਦੇ ਫਾਇਦੇ ਬਾਰੇ ਦੱਸਦਿਆਂ ਕਿਹਾ ਹੈ ਕਿ ਝੋਨੇ ਦੀ ਪਰਾਲੀ ਨੂੰ ਖੇਤ 'ਚ ਹੀ ਮਿਲਾਉਣ ਨਾਲ ਖੇਤੀ ਦੀ ਉਪਜਾਊ ਸ਼ਕਤੀ ਤਾਂ ਵੱਧਦੀ ਹੀ ਹੈ ਤੇ ਨਾਲ ਹੀ ਖੇਤੀ ਵਿੱਚ ਜੈਵਿਕ ਮਾਦੇ ਦੀ ਮਾਤਰਾ ਵੀ ਵੱਧਦੀ ਹੈ ਜੋ ਕਿ ਮੁੱਖ ਤੱਤਾਂ ਨੂੰ ਫਸਲ ਵਿੱਚ ਮੁਹੱਈਆ ਕਰਵਾਉਣ ਲਈ ਸਹਾਈ ਹੁੰਦਾ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਗੁਰਬਚਨ ਸਿੰਘ ਨੇ ਦੱਸਿਆ ਕਿ

ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਦੇ ਦਿਸਾ ਨਿਰਦੇਸ਼ਾਂ 'ਤੇ ਜਿਲੇ 'ਚ ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਨੂੰ 80 ਫੀਸਦੀ ਸਬਸਿਡੀ ਤੇ ਸਰਫੇਸ ਸੀਡਰ ਮਸ਼ੀਨ ਦਿੱਤੀਆ ਜਾ ਰਹੀਆ ਹਨ। ਇਸ ਮੌਕੇ ਸਹਿਕਾਰੀ ਸਭਾ ਦੇ ਪ੍ਰਧਾਨ ਚਰਨ ਸਿੰਘ ਮੁੰਡੀਆ ਅਤੇ ਨਗਰ ਕੌਂਸਲ ਚਮਕੌਰ ਸਾਹਿਬ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਕਿ ਸਰਕਾਰ ਵੱਲੋ ਇਹ ਵਧੀਆ ਮਸ਼ੀਨ ਦਿੱਤੀ ਗਈ ਹੈ ਜਿਸ ਨਾਲ ਕਣਕ ਦੀ ਬਿਜਾਈ ਸਮੇਂ ਸਿਰ ਹੋ ਸਕੇਗੀ।

30 ਨੂੰ ਹੋਵੇਗਾ ਐਨ. ਕੇ. ਸੀ ਓਵਰਸੀਜ਼ ਸਲਿਊਸ਼ਨ ਦੇ ਮਾਲਕ ਟਰੈਵਲ ਏਜੰਟ ਨਰੇਸ਼ ਕੁਮਾਰ ਦੇ ਘਰ ਦਾ ਘਿਰਾਓ

ਮਹਿਤਪੁਰ (ਰਾਜਾ)- ਇੱਥੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੀ ਤਹਿਸੀਲ ਕਮੇਟੀ ਨਕੋਦਰ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ ਜਿਲਾ ਸਕੱਤਰ ਦਿਲਬਾਗ ਸਿੰਘ ਚੰਦੀ ਅਤੇ ਯੂਥ ਵਿੰਗ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਮਨਦੀਪ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਐਨ.ਕੇ.ਸੀ ਓਵਰਸੀਜ਼ ਸਲਿਊਸ਼ਨ ਮਹਿਤਪੁਰ ਦੇ ਮਾਲਕ ਟਰੈਵਲ ਏਜੰਟ ਨਰੇਸ਼

ਕੁਮਾਰ ਵੱਲੋਂ ਰਕੇਸ਼ ਕੁਮਾਰ ਪੁੱਤਰ ਕਸ਼ਮੀਰੀ ਲਾਲ ਵਾਸੀ ਪਿੰਡ ਬਿਲਗਾ ਨੂੰ ਵਿਦੇਸ਼ ਪੁਰਤਗਾਲ ਭੇਜਣ ਦੇ ਨਾਂਅ 'ਤੇ 10,50000 ਰੁਪਏ (ਦੱਸ ਲੱਖ ਪੰਜਹ ਹਜਾਰ ਰੁਪਏ) ਦੀ ਠੱਗੀ ਮਾਰਨ, ਪਾਸਪੋਰਟ ਅਤੇ ਕਰੀਬ 5 ਸਾਲ ਤੋਂ ਪੈਸੇ ਮੋੜਨ ਦੇ ਲਾਰੇ ਲੱਪੇ ਲਾਉਣ ਦੇ ਮਸਲੇ ਨੂੰ ਵਿਚਾਰਨ ਉਪਰੰਤ ਸਭਾ ਵੱਲੋਂ ਫੈਸਲਾ ਕੀਤਾ ਗਿਆ ਕਿ 30 ਅਕਤੂਬਰ ਨੂੰ ਉਕਤ ਏਜੰਟ ਨਰੇਸ਼ ਕੁਮਾਰ ਦੇ ਘਰ ਅੱਗੇ ਪੱਕਾ ਧਰਨਾ ਲਗਾ ਦਿੱਤਾ ਜਾਵੇਗਾ ਅਤੇ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਪੀੜਤ ਪਰਵਾਰ ਨੂੰ ਇਨਸਾਫ ਨਹੀਂ ਮਿਲ ਜਾਂਦਾ। ਇਸ ਮੌਕੇ ਮੀਟਿੰਗ ਵਿੱਚ ਪਹੁੰਚੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੰਦੀਪ ਅਰੋੜਾ ਨੇ ਇਨਸਾਫ ਪਸੰਦ ਜੱਥੇਬੰਦੀਆਂ ਇਲਾਕੇ ਦੇ ਲੋਕਾਂ ਅਤੇ ਇਸ ਟ੍ਰੈਵਲ ਏਜੰਟ ਕੋਲੋਂ ਠੱਗੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ 30 ਅਕਤੂਬਰ ਨੂੰ ਲੱਗ ਰਹੇ ਧਰਨੇ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਨਾਲ ਲੈ ਕੇ ਪਹੁੰਚਣ। ਇਸ ਮੌਕੇ ਸਤਨਾਮ ਸਿੰਘ ਬਿੱਲੇ, ਜਸਵੀਰ ਸਿੰਘ, ਕੁਲਵਿੰਦਰ ਸਿੰਘ ਮੰਡ, ਹਰਜਿੰਦਰ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ, ਰਘਬੀਰ ਸਿੰਘ, ਬਲਵਿੰਦਰ ਸਿੰਘ ਸੁਖਚੈਨ ਸਿੰਘ ਆਦਿ ਹਾਜ਼ਰ ਸਨ।

ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਭੋਗਪੁਰ ਨੇ ਕੱਢੀ ਨਸ਼ਿਆਂ ਵਿਰੋਧੀ ਰੈਲੀ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)

ਵਿਦਿਆ ਅਤੇ ਖੇਡਾਂ ਦੇ ਖੇਤਰ 'ਚ ਇੱਕਾ ਉੱਚਾ ਮੁਕਾਮ ਹਾਸਲ ਕਰ ਚੁੱਕੇ ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੇ ਵਿਦਿਆਰਥੀਆਂ ਵੱਲੋਂ ਇੱਕ ਨਸ਼ਿਆਂ ਵਿਰੋਧੀ ਰੈਲੀ ਕੱਢੀ ਗਈ। ਇਹ ਰੈਲੀ ਭੋਗਪੁਰ ਪੁਲਸ ਦੇ ਸਹਿਯੋਗ ਨਾਲ ਕੱਢੀ ਗਈ। ਰੈਲੀ 'ਚ ਸ਼ਾਮਲ ਹੋਏ ਬੱਚਿਆਂ ਨੇ ਨਸ਼ਾ ਵਿਰੋਧੀ ਨਾਅਰੇ ਲਗਾ ਕੇ ਲੋਕਾਂ ਨੂੰ ਇਸ ਸਮਾਜਿਕ ਬੁਰਾਈ ਦੇ ਖਿਲਾਫ ਇੱਕਜੁੱਟ ਹੋ ਕੇ ਮੁਹਿੰਮ ਵਿੱਢਣ ਦੀ ਅਪੀਲ ਵੀ ਕੀਤੀ। ਭੋਗਪੁਰ ਪੁਲਸ ਦੇ ਅਫਸਰਾਂ ਨੇ ਸਾਰੇ ਬੱਚਿਆਂ ਨੂੰ ਇਸ ਬੁਰਾਈ ਤੋਂ ਬਚੇ ਰਹਿਣ ਲਈ ਪ੍ਰੇਰਿਤ ਕੀਤਾ। ਏ ਐਸ ਆਈ ਕਿਸਨ ਅਤੇ ਏ ਐਸ ਆਈ ਗੁਰਪ੍ਰੀਤ ਸਿੰਘ ਨੇ ਬੱਚਿਆਂ ਨੂੰ ਵਿਸਥਾਰ ਸਾਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਅਤੇ ਇਹ ਪ੍ਰਣ ਲੈਣ ਲਈ ਪ੍ਰੇਰਿਤ ਕੀਤਾ ਕਿ ਉਹ ਆਪ ਤਾਂ ਨਸ਼ਿਆਂ ਤੋਂ ਦੂਰ ਰਹਿਣਗੇ ਸਗੋਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਇਸ ਸਮਾਜਿਕ ਬੁਰਾਈ ਤੋਂ ਦੂਰੀ ਬਣਾ ਕੇ ਰੱਖਣ ਲਈ ਪ੍ਰੇਰਿਤ ਕਰਨਗੇ। ਸਕੂਲ ਦੇ ਡਾਇਰੈਕਟਰ ਅਮਰੀਕ ਸਿੰਘ ਮਿਨਹਾਸ ਨੇ ਦੱਸਿਆ ਕਿ ਸੈਂਟ ਸੋਲਜਰ ਗਰੁੱਪ ਦੇ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਇਸ ਚੇਅਰਮੈਨ ਸੰਗੀਤ ਚੋਪੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ 'ਚ ਵਧੀਆ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦੀ ਨੈਤਿਕ ਸਿੱਖਿਆ 'ਤੇ ਵੀ ਜੋਰ ਦਿੱਤਾ ਜਾਂਦਾ ਹੈ।

ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਰਲਡ ਫੂਡ-ਡੇ ਮਨਾਇਆ

ਕਪੂਰਥਲਾ, (ਹਨੀ) ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ ਵਿਚ ਵਰਡ ਫੂਡ ਡੇ ਮਨਾਇਆ ਗਿਆ । ਇਸ ਦੌਰਾਨ ਦਸਵੀਂ ਜਮਾਤ ਦੀ ਵਿਦਿਆਰਥਣ ਪਾਰੁਲ ਸਰਮਾ ਨੇ ਆਪਣੀ ਸਪੀਚ ਰਾਹੀਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਵਸਥ ਖਾਣਾ ਖਾਣ ਨਾਲ ਅਸੀਂ ਕਈ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਇਸ। ਦੌਰਾਨ ਵਿਦਿਆਰਥੀਆਂ ਦਰਮਿਆਨ ਫੂਡ ਆਰਟ ਐਕਟੀਵਿਟੀ ਵੀ ਕਰਵਾਈ ਗਈ। ਜਿਸ ਵਿੱਚ ਵਿਦਿਆਰਥੀ ਕਲਰਫੁਲ ਲੰਚ ਬੋਕਸ ਲੈ ਕੇ ਆਏ ਅਤੇ ਇੱਕ ਦੂਸਰੇ ਨਾਲ ਖਾਣਾ ਸੇਅਰ ਕਰਕੇ ਖਾਦਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਕਿਹਾ ਕਿ ਅਜਿਹੀਆਂ ਐਕਟੀਵਿਟੀ ਨਾਲ ਵਿਦਿਆਰਥੀਆਂ ਵਿੱਚ ਆਪਸੀ ਪਿਆਰ ਵਧਦਾ ਹੈ।

ਸ੍ਰੀ ਰਾਮ ਵਿਆਹ ਮੌਕੇ ਸ਼ੋਭਾ ਯਾਤਰਾ

ਨੂਰਮਹਿਲ (ਬਾਲ ਕ੍ਰਿਸਨ ਬਾਲੀ)

ਨੂਰਮਹਿਲ ਵਿਖੇ ਸ਼੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਸ਼੍ਰੀ ਰਾਮ ਵਿਆਹ ਸੰਬੰਧੀ ਸ਼ੋਭਾ ਯਾਤਰਾ ਸਜਾਈ ਗਈ ਮੁਹੱਲਾ ਪਾਸ਼ੀਆਂ ਮੰਦਰ ਤੋਂ ਯਾਤਰਾ ਕੱਢੀ ਗਈ, ਜਿਸ 'ਚ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸ਼੍ਰੀ ਰਾਮਲੀਲ੍ਹਾ ਕਮੇਟੀ ਦੀ ਅਗਵਾਈ ਹੇਠ ਸ਼ਹਿਰ ਦੀ ਉੱਘੀ ਸਖਸੀਅਤ ਪਰਮਜੀਤ ਚਾਹਲ ਦੀ ਅਗਵਾਈ ਹੇਠ ਕੱਢੀ ਗਈ। ਰੀਬਨ ਦੀ ਰਸ਼ਮ ਪਰਮਜੀਤ ਚਾਹਲ ਵੱਲੋਂ ਕੀਤੀ ਗਈ, ਉਪਰੰਤ ਇਸ ਯਾਤਰਾ ਦਾ ਪੂਰੇ ਨੂਰਮਹਿਲ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਕਈ ਪ੍ਰਕਾਰ ਦੇ ਲੰਗਰ ਲਗਾਏ ਤੇ ਫੁੱਲਾਂ ਦੀ ਬਰਖਾ ਕਰਦੇ ਹੋਏ ਸਵਾਗਤ ਕੀਤਾ ਗਿਆ। ਇਸ ਦੌਰਾਨ ਵੱਖ-ਵੱਖ ਝਾਕੀਆਂ ਸਾਰੇ ਸ਼ਹਿਰ ਵਾਸੀਆਂ ਲਈ ਖਿੱਚ ਦਾ ਕੇਂਦਰ ਰਹੀਆਂ। ਇਸ ਮੌਕੇ ਰਿਕੂ ਖੋਸਲਾ ਪ੍ਰਧਾਨ ਡੋਲਾ ਪ੍ਰਬੰਧਕ ਕਮੇਟੀ, ਆਪ ਆਗੂ ਪਰਮਜੀਤ ਚਾਹਲ, ਨੂਰਮਹਿਲ, ਭੂਸ਼ਣ ਸ਼ਰਮਾ, ਜੰਗ ਬਹਾਦਰ ਕੋਹਲੀ ਐਮ ਸੀ, ਜਗਤ ਮੋਹਨ ਸ਼ਰਮਾ, ਰਾਜੀਵ ਮਿਸ਼ਰ ਐਮ ਸੀ, ਰਾਜਿੰਦਰ ਕਾਲੜਾ, ਬਲਵੀਰ ਚੰਦ ਕੌਲਧਾਰ ਐਮ ਸੀ, ਸੰਦੀਪ ਕੁਮਾਰ ਅਰੋੜਾ, ਅਸ਼ੋਕ ਸੰਧੂ ਨੰਬਰਦਾਰ, ਰਾਜੂ ਉੱਪਲ ਆਦਿ ਹਾਜ਼ਰ ਹੋਏ।

ਡੋਂਗੂ ਤੇ ਮਲੇਰੀਆ ਦੇ ਬਚਾਅ ਲਈ ਪਿੰਡ 'ਚ ਕੀਤਾ ਸਪਰੇਅ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਡੋਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਪਿੰਡ

ਤਖਤਗੜ੍ਹ ਦੀਆਂ ਗਲੀਆਂ ਨਾਲੀਆਂ ਦੀ ਸਫਾਈ ਕਰਾਉਣ ਦੇ ਨਾਲ ਨਾਲ ਟੈਮੀਫੋਸ ਦਾ ਛਿੜਕਾਅ ਕਰਵਾਇਆ ਗਿਆ। ਇ

20-OCT-PAGE-10.qxd 10/19/2023 10:51 PM Page 1

ਸੁਲਝਦਾ ਨਜ਼ਰ ਨਹੀਂ ਆ ਰਿਹਾ ਸ਼ੈਲਰ ਮਾਲਕਾਂ ਤੇ ਸਰਕਾਰ ਵਿਚਲਾ ਰੇੜਕਾ

☛ ਸ਼ੈਲਰ ਮਾਲਕਾਂ ਦਾ ਸਰਕਾਰ ਨੂੰ ਦੋ ਟੂਕ ਜਵਾਬ, ਮੰਗਾਂ ਮੰਨੋ ਵਰਨਾ ਨਹੀਂ ਲੁਆਵਾਂਗੇ ਜ਼ੀਰੀ ☛ ਅਫ਼ਸਰਸ਼ਾਹੀ 'ਤੇ ਮੁੱਖ ਮੰਤਰੀ ਨੂੰ ਗੁੰਮਰਾਹ ਕਰਨ ਦਾ ਦੋਸ਼

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਕੇਂਦਰ ਸਰਕਾਰ ਵੱਲੋਂ ਐੱਫ਼.ਆਰ.ਕੇ. ਸਬੰਧੀ ਸ਼ੈਲਰ ਮਾਲਕਾਂ ਨੂੰ ਜ਼ਿੰਮੇਵਾਰ ਠਹਿਰਾਉਣ ਤੇ ਡਰਾਈਏਜ਼ ਚ ਕਟੌਤੀ ਕਰਨ ਸਬੰਧੀ ਕੇਂਦਰ ਸਰਕਾਰ ਨਾਲ ਪੈਦਾ ਹੋਇਆ ਵਿਵਾਦ ਸੁਲਝਦਾ ਨਜ਼ਰ ਨਹੀਂ ਆ ਰਿਹਾ। ਅੱਜ ਇਸ ਮਾਮਲੇ ਸਬੰਧੀ ਮਹਿਲ ਕਲਾਂ ਨਾਲ ਸਬੰਧਤ ਸ਼ੈਲਰ ਮਾਲਕਾਂ ਨੇ ਇਕੱਠੇ ਹੋ ਕੇ ਜ਼ਿਲ੍ਹਾ ਕੰਟਰੋਲਰ, ਖ਼ੁਰਾਕ ਸਪਲਾਈ ਤੇ ਖ਼ਪਤਕਾਰ ਵਿਭਾਗ ਬਰਨਾਲਾ ਨੂੰ ਇੱਕ ਮੰਗ ਪੱਤਰ ਭੇਜਿਆ। ਇਸ ਮੌਕੇ ਗੱਲਬਾਤ ਕਰਦਿਆਂ ਸ਼ੈਲਰ ਮਾਲਕਾਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸ਼ੈਲਰ ਮਾਲਕਾਂ ਦੀ ਫੋਰਟੀਫ਼ਾਈਡ ਰਾਈਸ ਕਿਨਰਲਜ਼ ਸਬੰਧੀ ਨਿਰਧਾਰਤ ਕੀਤੀ ਜ਼ਿੰਮੇਵਾਰੀ ਸਰਾਸਰ ਸ਼ੈਲਰ ਮਾਲਕਾਂ ਨਾਲ ਧੱਕੇਸ਼ਾਹੀ ਹੈ, ਕਿਉਂਕਿ ਸ਼ੈਲਰ ਮਾਲਕਾਂ ਵੱਲੋਂ ਐੱਫ਼.ਆਰ.ਕੇ. (ਫ਼ੋਰਟੀਫਾਈਡ ਰਾਈਸ ਕਿਨਰਲਜ਼) ਦੀ ਖਰੀਦ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਫਰਮਾਂ ਕੋਲੋਂ ਐਡਵਾਂਸ ਪੈਸੇ ਜਮ੍ਹਾਂ ਕਰਵਾ ਕੇ ਕੀਤੀ ਗਈ ਸੀ। ਇਸ ਲਈ ਇਸ ਸਬੰਧੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਉਨ੍ਹਾਂ ਫ਼ਰਮਾਂ ਦੀ ਬਣਦੀ ਹੈ, ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਐੱਫ਼.ਆਰ.ਕੇ. ਸਬੰਧੀ ਟੈਂਡਰ ਅਲਾਟ ਕੀਤੇ ਸਨ, ਪਰ ਹੁਣ ਜਦੋਂ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਨਾਲ ਪੰਜਾਬ ਭਰ ਦੇ ਰਾਈਸ ਮਿੱਲਰਜ਼ ਮੁਸ਼ਕਲ 'ਚ ਹਨ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ੈਲਰ ਮਾਲਕਾਂ ਨਾਲ ਹੋ ਰਹੀ ਇਸ ਧੱਕੇਸ਼ਾਹੀ ਦਾ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ। ਉਨ੍ਹਾਂ ਦੋਸ਼ ਲਗਾਇਆ ਕਿ ਮੁੱਖ ਮੰਤਰੀ ਇਸ ਮਸਲੇ ਸਬੰਧੀ ਗੱਲ ਕਰਨ ਨੂੰ ਤਿਆਰ ਨਹੀਂ, ਕਿਉਂਕਿ ਅਫ਼ਸਰਸ਼ਾਹੀ ਉਨ੍ਹਾਂ ਨੂੰ ਗਲਤ ਤਸਵੀਰ ਜਚਾ ਰਹੀ ਹੈ। ਇੰਧਰ ਅਨਾਜ ਮੰਡੀਆਂ 'ਚ ਝੋਨੇ ਦੇ ਅੰਬਾਰ ਲੱਗਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਧੱਕੇਸ਼ਾਹੀ ਨਾਲ ਜ਼ੀਰੀ ਲਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਰਾਈਸ ਮਿੱਲਰਜ਼ ਨੇ ਕੇਂਦਰ ਸਰਕਾਰ ਵੱਲੋਂ ਬਾਕੀ ਰਾਜਾਂ ਦੇ ਮੁਕਾਬਲੇ 'ਚ ਪੰਜਾਬ ਦੇ ਰਾਈਸ ਮਿੱਲਜ਼ ਨੂੰ ਦਿੱਤੀ ਜਾਣ ਵਾਲੀ ਡਰਾਈਏਜ਼ 'ਚ 50 ਪ੍ਰਤੀਸ਼ਤ ਕਟੌਤੀ ਕੀਤੇ ਜਾਣ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਇਸ ਮੌਕੇ ਰਾਈਸ ਮਿੱਲਰ ਵਿਜੈ ਕੁਮਾਰ ਬਾਂਸਲ, ਰੂਬਲ ਗਿੱਲ ਕੈਨੇਡਾ, ਹਰੀ ਸਿੰਘ ਕਟਹਿਰੀਆ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਸ਼ੈਲਰ ਮਾਲਕਾਂ ਦੀਆਂ ਉਪਰੋਕਤ ਮੰਗਾਂ ਮਨਵਾਈਆਂ ਜਾਣ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਹ ਮੰਗਾਂ ਨਾ ਮੰਨੀਆਂ ਤਾਂ ਉਹ ਇਸ ਵਾਰ ਦੇ ਸੀਜ਼ਨ 'ਚ ਸ਼ੈਲਰਾਂ 'ਚ ਜ਼ੀਰੀ ਲਾਉਣ ਤੋਂ ਅਸਮਰੱਥ ਹੋਣਗੇ। ਇਸ ਸਮੇਂ ਮਹਿਲ ਕਲਾਂ ਨਾਲ ਸਬੰਧਤ ਸਮੂਹ ਰਾਈਸ ਮਿੱਲਜ਼ ਹਾਜ਼ਰ ਸਨ।

ਸ਼ਹਿਰ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ : ਸੁਖਾਨੰਦ, ਮਿੱਤਲ

ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਸੁੰਦਰ ਬਣਾਉਣ ਲਈ ਸ਼ੁਰੂ ਕੀਤੀ ਕਿ ਮੁਹਿੰਮ ਤਹਿਤ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਆਏ ਦਿਨ ਵਿਕਾਸ ਪ੍ਰਤੀ ਆਪਣੇ ਕਦਮ ਹਲਕੇ ਦੀ ਤਰੱਕੀ ਲਈ ਵਧਾ ਰਹੇ ਹਨ, ਜਿਸ ਤਹਿਤ ਉਹ ਸ਼ਹਿਰ ਬਾਘਾ ਪੁਰਾਣਾ 'ਚ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਹੈ। ਇਸੇ ਤਹਿਤ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਸਥਾਨਕ ਸ਼ਹਿਰ ਦੇ ਵਾਰਡ ਨੰਬਰ 6 ਅਧੀਨ ਪੈਂਦੀ ਗਲੀ ਵਿੱਚ ਟੱਕ ਲਾ ਕੇ ਇੰਟਰਲਾਕ ਲਗਾਉਣ ਦਾ ਕੰਮ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਨਾਲ ਪੰਜਾਬ ਟਰੇਡ ਵਿੰਗ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਮਿੱਤਲ (ਰਿੰਪੀ ਮਿੱਤਲ) ਵੀ ਹਾਜ਼ਰ ਸਨ। ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਉਨ੍ਹਾਂ ਵੱਲੋਂ ਸ਼ਹਿਰ ਅਧੀਨ ਪੈਂਦੇ ਵੱਖ-ਵੱਖ ਵਾਰਡਾਂ, ਜਿਨ੍ਹਾਂ ਵਿੱਚ ਵਾਰਡ ਨੰਬਰ 2, 6 ਤੇ ਹੋਰ ਵਾਰਡਾਂ ਵਿੱਚ ਗਲੀਆਂ ਨੂੰ ਇੰਟਰਲਾਕ ਕਰਵਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ, ਜਿਸ ਨੂੰ ਜਲਦੀ ਹੀ ਮੁਕੰਮਲ ਕਰਨ ਦੇ ਆਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਰਿੰਪੀ ਮਿੱਤਲ ਨੇ ਕਿਹਾ ਕਿ ਸ਼ਹਿਰ ਨੂੰ ਸੂਬੇ 'ਚੋਂ ਵਿਕਾਸ ਪੱਖੋਂ ਨੰਬਰ-1 ਬਣਾਉਣ ਲਈ ਫੰਡਾਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਪੰਜਾਬ ਸਰਕਾਰ ਹਲਕੇ ਦੇ ਵਿਕਾਸ ਲਈ ਕਰੋੜਾਂ ਰੁਪਏ ਮਨਜ਼ੂਰ ਕਰਵਾ ਕੇ ਵਿਕਾਸ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜਿਸ ਆਸ ਨਾਲ ਹਲਕਾ ਵਾਸੀਆਂ ਨੇ ਉਨ੍ਹਾਂ ਨੂੰ ਹਲਕੇ ਦੀ ਨੁਮਾਇੰਦੀ ਸੌਂਪੀ ਹੈ, ਉਸ ਤੋਂ ਵੀ ਵੱਧ ਹਲਕੇ ਵਿੱਚ ਕੰਮ ਕੀਤੇ ਜਾਣਗੇ ਤੇ ਕੋਈ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਸ਼ਹਿਰੀ ਪ੍ਰਧਾਨ ਗੁਰਪ੍ਰੀਤ ਸਿੰਘ ਮੰਨਚੰਦਾ, ਰਣਜੀਤ ਸਿੰਘ ਟੀਟੂ, ਧਰਮਿੰਦਰ ਰੱਖੜਾ, ਗਗਨ ਚੱਢਾ, ਸੀਰਾ ਡੇਅਰੀ ਵਾਲਾ, ਜਗਸੀਰ ਗਰਗ, ਬਾਲ ਕ੍ਰਿਸ਼ਨ ਬਾਲੀ ਪਾਇਪਾਂ ਵਾਲੇ, ਮਨਜੀਤ ਸਿੰਘ ਮਾਨ ਕੋਟਲਾ, ਸੋਨੀ ਧਾਲੀਵਾਲ, ਮਨਜਿੰਦਰ ਬਰਾੜ, ਭੂਸ਼ਨ ਗੋਇਲ, ਦਵਿੰਦਰ ਸਿੰਗਲਾ, ਸੁਨੀਲ ਕੁਮਾਰ ਪੰਪੀ, ਅਮਰ ਰਾਏ, ਰੋਬੀ ਅਰੋੜਾ, ਧਰਮਪਾਲ, ਸ਼ੇਰ ਚੰਦ ਅਰੋੜਾ, ਵਿੱਦਿਆ ਦੇਵੀ, ਕਾਂਤਾ ਰਾਣੀ, ਮੀਨਾ ਰਾਣੀ ਤੇ ਹੋਰ ਹਾਜ਼ਰ ਸਨ।

ਤਾਰਾ ਦੇਵੀ (ਸ਼ਿਮਲਾ) ਵਿਖੇ ਚਾਰ ਰੋਜ਼ਾ ਟ੍ਰੇਨਿੰਗ ਕੈਂਪ ਲਾਇਆ

ਬਠਿੰਡਾ, (ਪਰਵਿੰਦਰ ਜੀਤ ਸਿੰਘ) ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੀ ਭਾਰਤ ਸਕਾਊਟਸ ਐਂਡ ਗਾਈਡਜ਼ ਯੂਨਿਟ ਵੱਲੋਂ ਸਕਾਊਟਸ ਟ੍ਰੇਨਿੰਗ ਸੈਂਟਰ, ਤਾਰਾ ਦੇਵੀ (ਸ਼ਿਮਲਾ) ਵਿਖੇ ਚਾਰ ਰੋਜ਼ਾ ਟਰੇਨਿੰਗ ਕੈਂਪ ਲਾਇਆ ਗਿਆ। ਇਸ ਟ੍ਰੇਨਿੰਗ ਕੈਂਪ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਮੁਸੀਬਤ ਸਮੇਂ ਜੀਵਨ ਸੁਰੱਖਿਆ ਲਈ ਤਕਨੀਕੀ ਜਾਣਕਾਰੀ ਤੇ ਸਿਖਲਾਈ ਦੇਣਾ, ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨਾ, ਖ਼ਤਰਿਆਂ ਸੰਗ ਜੂਝਣ ਦੀ ਹਿੰਮਤ ਜਗਾਉਣਾ, ਮੁਕਾਬਲਿਆਂ ਰਾਹੀਂ ਹੁਨਰ ਨੂੰ ਤਰਾਸ਼ਣਾ ਅਤੇ ਵਿਵਹਾਰਿਕ ਜੀਵਨ ਨੂੰ ਨਿਯਮਬੱਧ ਢੰਗ ਨਾਲ ਜਿਊਣ ਦੀ ਆਦਤ ਪਾਉਣਾ ਸੀ। ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਤੋਂ ਭਾਰਤ ਸਕਾਊਟਸ ਐਂਡ ਗਾਈਡਜ਼ ਦੇ ਕੋਆਰਡੀਨੇਟਰ ਸਿਮਰਪਾਲ ਸਿੰਘ (ਲੈਕਚਰਾਰ-ਪੁਲੀਟੀਕਲ ਸਾਇੰਸ) ਤੇ ਗੁਰਪਿਆਸ ਸਿੰਘ (ਲੈਕਚਰਾਰ ਪੰਜਾਬੀ) ਦੀ ਯੋਗ ਅਗਵਾਈ ਵਿੱਚ ਸਕੂਲ ਦੇ ਗਿਆਰ੍ਹਵੀਂ ਤੇ ਬਾਰ੍ਹਵੀਂ ਦੇ 15 ਵਿਦਿਆਰਥੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਇਸ ਕੈਂਪ ਲਈ ਰਵਾਨਾ ਕਰਦਿਆਂ ਕਿਹਾ ਕਿ ਅਜਿਹੇ ਕੈਂਪਾਂ ਦਾ ਮੰਤਵ ਵਿਦਿਆਰਥੀਆਂ ਦੀ ਸਰੀਰਕ, ਬੌਧਿਕ, ਸਮਾਜਿਕ ਤੇ ਅਧਿਆਤਮਿਕ ਸਮਰੱਥਾ ਦਾ ਵਿਕਾਸ ਕਰਨਾ ਹੈ। ਕੈਂਪ ਦੌਰਾਨ ਪੰਜਾਬ ਦੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਓਂਕਾਰ ਸਿੰਘ ਨੇ ਵਿਦਿਆਰਥੀਆਂ ਨੂੰ ਸਕਾਊਟਸ ਦੇ ਪੂਰਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸਵੇਰ ਦੀ ਸਭਾ ਵਿੱਚ ਸਰੀਰਕ ਗਤੀਵਿਧੀਆਂ ਕਰਾਈਆਂ ਗਈਆਂ। ਕੈਂਪ ਦੌਰਾਨ ਸਕਾਊਟਸ ਨੂੰ ਮਨਮੋਹਕ ਪਰ ਖ਼ਤਰਨਾਕ ਪਹਾੜੀ ਰਸਤਿਆਂ ਰਾਹੀਂ ਟ੍ਰੈਕਿੰਗ ਕਰਵਾਉਂਦੇ ਹੋਏ ਪਵਿੱਤਰ ਤਾਰਾ ਦੇਵੀ ਮੰਦਰ ਦੇ ਦਰਸ਼ਨ ਕਰਾਏ ਗਏ। ਕੈਂਪ ਦੀ ਸਮਾਪਤੀ ਮੌਕੇ ਓਂਕਾਰ ਸਿੰਘ ਨੇ ਸਕਾਊਟਸ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਪਰਮਿੰਦਰ ਢੀਂਡਸਾ ਸਰਪੰਚ ਨਰੰਗ ਸਿੰਘ ਝਾੜੋਂ ਦੇ ਗ੍ਰਹਿ ਪੁੱਜੇ

ਚੀਮਾ ਮੰਡੀ (ਰਵਿੰਦਰ ਚੀਮਾ)-ਨੇੜਲੇ ਪਿੰਡ ਝਾੜੋ ਵਿਖੇ ਸ੍ਰ. ਪਰਮਿੰਦਰ ਸਿੰਘ ਢੀਂਡਸਾ ਸਾਬਕਾ ਵਿੱਤ ਮੰਤਰੀ ਪੰਜਾਬ ਸਰਪੰਚ ਨਰੰਗ ਸਿੰਘ ਝਾੜੋ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾ ਟਕਸਾਲੀ ਆਗੂ ਸਰਪੰਚ ਨਰੰਗ ਸਿੰਘ ਝਾੜੋ ਦਾ ਹਾਲ-ਚਾਲ ਪੁੱਛਿਆ। ਉਹ ਕਾਫੀ ਸਮੇਂ ਤੋਂ ਰੀੜ ਦੀ ਹੱਡੀ ਦੇ ਦਰਦ ਤੋਂ ਪੀੜਤ ਹਨ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੌਜੂਦਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੈ। ਉਨ੍ਹਾਂ ਨੇ ਜੋ ਲੋਕਾਂ ਨਾਲ ਵਾਅਦੇ ਤੇ ਦਾਅਵੇ ਕੀਤੇ ਸਨ, ਉਹ ਇੱਕ ਵੀ ਪੂਰਾ ਨਹੀਂ ਕਰ ਸਕੇ। ਕਿਸਾਨ ਮੰਡੀਆਂ ਵਿੱਚ ਰੁਲਾ ਰਿਹਾ ਹੈ, ਮੁਲਾਜ਼ਮ ਧਰਨੇ ਦੇ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਸਰਪੰਚ ਬਿੰਦਰ ਨਮੋਲ, ਰੂਪ ਸਿੰਘ ਸੇਰੋਂ, ਬਾਬਾ ਭੋਲਾ ਸਿੰਘ ਤੋਂ ਇਲਾਵਾ ਪਿੰਡ ਝਾੜੋ ਦੀ ਸਮੁੱਚੀ ਅਕਾਲੀ ਦਲ ਸੰਯੁਕਤ ਦੀ ਲੀਡਰਸ਼ਿਪ ਹਾਜ਼ਰ ਸੀ।

ਅੰਬੇਡਕਰ ਮਿਸ਼ਨ ਭਾਰਤ ਵੱਲੋਂ ਕਰਨਜੀਤ ਸਿੰਘ ਦਾ ਸਨਮਾਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਬੀਤੇ ਦਿਨੀਂ ਪੀ.ਸੀ.ਐੱਸ. ਦੀ ਪ੍ਰੀਖਿਆ ਪਾਸ ਕਰ ਕੇ ਜੱਜ ਬਣੇ ਪਿੰਡ ਨੱਥੂਵਾਲਾ ਗਰਬੀ ਜ਼ਿਲ੍ਹਾ ਮੋਗਾ ਦੇ ਕਰਨਜੀਤ ਸਿੰਘ ਪੁੱਤਰ ਚਰਨਜੀਤ ਸਿੰਘ ਪਟਵਾਰੀ ਨੂੰ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਅੰਬੇਡਕਰ ਮਿਸ਼ਨ ਭਾਰਤ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੂਬੇਦਾਰ ਬਲਦੇਵ ਸਿੰਘ ਦੀ ਅਗਵਾਈ ਵਿੱਚ ਨੁਮਾਇੰਦਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ ਪਰਵਾਰ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸੂਬੇਦਾਰ ਬਲਦੇਵ ਸਿੰਘ ਸੁਖਾਨੰਦ ਨੇ ਕਿਹਾ ਕਿ ਸਾਡੀ ਜਥੇਬੰਦੀ ਪਿੰਡਾਂ ਅੰਦਰ ਮੀਟਿੰਗਾਂ ਕਰ ਕੇ ਗਰੀਬ ਵਰਗ ਦੇ ਬੱਚਿਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਹੀ ਹੈ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਗਰੀਬ ਲੋਕਾਂ ਨੂੰ ਸਿੱਖਿਆ ਦਾ ਅਧਿਕਾਰ ਤੇ ਸੰਵਿਧਾਨ ਰਾਹੀਂ ਲੋਕਾਂ ਨੂੰ ਨੌਕਰੀਆਂ ਲੈਣ ਦਾ ਅਧਿਕਾਰ ਲੈ ਕੇ ਦਿੱਤਾ। ਉਨ੍ਹਾ ਕਿਹਾ ਕਿ ਜੋ ਕਰਨਜੀਤ ਸਿੰਘ ਜੱਜ ਬਣੇ ਹਨ, ਉਹ ਵੀ ਬਾਬਾ ਸਾਹਿਬ ਦੀ ਹੀ ਦੇਣ ਹੈ। ਉਨ੍ਹਾ ਕਿਹਾ ਕਿ ਹੋਰਨਾਂ ਬੱਚਿਆਂ ਨੂੰ ਵੀ ਕਰਨਜੀਤ ਸਿੰਘ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਕਰਨਲ ਬਾਬੂ ਸਿੰਘ ਮੋਗਾ, ਦਰਸ਼ਨ ਸਿੰਘ ਚੰਦੜ, ਸੁਖਚੈਨ ਸਿੰਘ ਹੀਰਾ ਲੈਕਚਰਾਰ, ਗੁਰਦੀਪ ਸਿੰਘ ਲੈਕਚਰਾਰ, ਕਰਮ ਸਿੰਘ ਠੱਠੀ ਭਾਈ, ਤਾਰਾ ਸਿੰਘ ਵਾਂਦਰ, ਸੋਹਣ ਸਿੰਘ ਸਰਪੰਚ ਸੰਤੂਵਾਲਾ, ਰਾਜ ਸਿੰਘ ਸਰਪੰਚ ਸੁਖਾਨੰਦ, ਸਭਾਜੀਤ ਪੱਪੂ, ਜਸਵਿੰਦਰ ਸਿੰਘ, ਦਰਸ਼ਨ ਸਿੰਘ ਸਰਪੰਚ ਸਮਾਧ ਭਾਈ ਆਦਿ ਹਾਜ਼ਰ ਸਨ।

ਚੈੱਕ ਬਾਊਂਸ ਦੇ ਦੋਸ਼ 'ਚੋਂ ਬਰੀ

ਧਰਮਕੋਟ (ਗੁਰਦੀਪ ਸਿੰਘ ਭੁੱਲਰ) ਮਾਣਯੋਗ ਅਦਾਲਤ ਐਸ.ਡੀ.ਜੇ ਐਮ ਵੱਲੋਂ ਚੈੱਕ ਬਾਊਂਸ ਦੇ ਕੇਸ ਵਿੱਚ ਦੋਸ਼ੀ ਨੂੰ ਬਰੀ ਕਰਾਰ ਦਿੱਤਾ। ਦੋਸ਼ੀ ਕਮਲਜੀਤ ਸਿੰਘ ਪੁੱਤਰ ਸੁਚੇਤ ਸਿੰਘ ਵਾਸੀ ਮੋਹਾਲੀ ਦੇ ਵਕੀਲ ਆਸ਼ੀਸ਼ ਗਰੋਵਰ ਐਡੋਵਕੇਟ ਤੇ ਅਜੀਤ ਵਰਮਾ ਐਡਵੋਕੇਟ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਲਜੋਧਨ ਸਿੰਘ ਜੋਧਾ ਬਰਾੜ ਕਾਲਿਬ ਸਟੋਰ, ਬਾਘਾਪੁਰਾਣਾ ਨੇ ਕਮਲਜੀਤ ਸਿੰਘ ਦੇ ਖਿਲਾਫ਼ 236055 ਰੁਪਏ ਦਾ ਚੈੱਕ ਬਾਊਂਸ ਹੋਣ ਸੰਬੰਧੀ ਸ਼ਿਕਾਇਤ ਅਧੀਨ ਧਾਰਾ 138 ਐਨ ਆਈ ਐਕਟ ਦਾਇਰ ਕੀਤੀ ਸੀ। ਉਕਤ ਸ਼ਿਕਾਇਤ ਵਿੱਚ ਅਦਾਲਤ ਵੱਲੋਂ ਦੋਸ਼ੀ ਧਿਰ ਦੇ ਵਕੀਲ ਸਾਹਿਬਾਨ ਅਜੀਤ ਵਰਮਾ ਐਡਵੋਕੇਟ ਤੇ ਆਸ਼ੀਸ਼ ਗਰੋਵਰ ਐਡੋਵਕੇਟ ਦੀਆਂ ਦਲੀਲਾਂ ਤੋਂ ਸਹਿਮਤ ਹੁੰਦੇ ਹੋਏ ਦੋਸ਼ੀ ਕਮਲਜੀਤ ਸਿੰਘ ਨੂੰ ਚੈੱਕ ਬਾਊਂਸ ਦੇ ਦੋਸ਼ ਵਿੱਚ ਬਰੀ ਕਰਾਰ ਦਿੱਤਾ।

ਬਲਾਕ ਧਰਮਕੋਟ-2 ਦੀਆਂ ਪ੍ਰਾਇਮਰੀ ਸਕੂਲ ਖੇਡਾਂ ਦਾ ਆਗਾਜ਼

ਕੋਟ ਈਸੇ ਖਾਂ (ਅਰੋੜਾ) ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਧਰਮਕੋਟ-2 ਕੰਚਨ ਬਾਲਾ ਵੱਲੋਂ ਸਮੂਹ ਅਧਿਆਪਕ ਸਾਹਿਬਾਨ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਮਸੀਤਾਂ ਦੇ ਖੇਡ ਮੈਦਾਨ

20-Oct-PAGE-11-Majha-23.qxd 10/19/2023 11:06 PM Page 1

ਦਾਣਾ ਮੰਡੀ ਗੁਰਦਾਸਪੁਰ ਦੇ ਇੱਕ ਆੜ੍ਹਤੀਏ ਦਾ ਲਾਇਸੰਸ ਸਸਪੈਂਡ 9 ਹੋਰ ਆੜ੍ਹਤੀਆਂ ਨੂੰ 111000 ਰੁਪਏ ਜੁਰਮਾਨਾ

ਗੁਰਦਾਸਪੁਰ (ਜਨਕ ਮਹਾਜਨ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬੀਤੀ 14 ਅਕਤੂਬਰ ਦਿਨ ਸ਼ਨੀਵਾਰ ਨੂੰ ਬਾਰਸ਼ ਦੌਰਾਨ ਦਾਣਾ ਮੰਡੀ ਗੁਰਦਾਸਪੁਰ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ ਸੀ, ਜਿਸ ਦੌਰਾਨ ਕੁਝ ਆੜ੍ਹਤੀਆਂ ਵੱਲੋਂ ਕੀਤੇ ਪ੍ਰਬੰਧਾਂ ਵਿੱਚ ਊਣਤਾਈਆਂ ਪਾਈਆਂ ਗਈਆਂ ਸਨ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਢਿੱਲੇ ਪ੍ਰਬੰਧਾਂ ਲਈ ਜਿੰਮੇਵਾਰ ਆੜ੍ਹਤੀਆਂ ਖਿਲਾਫ਼ ਕਾਰਵਾਈ ਕਰਨ ਲਈ ਕਿਹਾ ਗਿਆ ਸੀ। ਇਨ੍ਹਾਂ ਹੁਕਮਾਂ 'ਤੇ ਕਾਰਵਾਈ ਕਰਦੇ ਹੋਏ ਮਾਰਕਿਟ ਕਮੇਟੀ ਗੁਰਦਾਸਪੁਰ ਵੱਲੋਂ ਦਾਣਾ ਮੰਡੀ ਗੁਰਦਾਸਪੁਰ ਦੇ ਇੱਕ ਆੜ੍ਹਤੀਏ ਦਾ ਲਾਇਸੰਸ ਸਸਪੈਂਡ ਕਰਨ ਦੇ ਨਾਲ 9 ਹੋਰ ਆੜ੍ਹਤੀਆਂ ਖਿਲਾਫ਼ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ 111000 ਰੁਪਏ ਦਾ ਜੁਰਮਾਨਾ ਕੀਤਾ ਹੈ। ਜ਼ਿਲ੍ਹਾ ਮੰਡੀ ਅਫ਼ਸਰ ਕੁਲਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨੀਂ ਜਦੋਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬਾਰਸ਼ ਦੌਰਾਨ ਗੁਰਦਾਸਪੁਰ ਮੰਡੀ ਦਾ ਦੌਰਾ ਕੀਤਾ ਗਿਆ ਤਾਂ ਸੀ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਕਿ ਕੁਝ ਆੜ੍ਹਤੀਆਂ ਵੱਲੋਂ ਤਰਪਾਲਾਂ ਆਦਿ ਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ ਜਿਸ ਕਾਰਨ ਝੋਨੇ ਦੀ ਫਸਲ 'ਤੇ ਬਾਰਸ਼ ਦਾ ਪਾਣੀ ਪੈ ਰਿਹਾ ਸੀ। ਇਸ ਸਭ ਦਾ ਡਿਪਟੀ ਕਮਿਸ਼ਨਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਸਬੰਧਤ ਆੜ੍ਹਤੀਆਂ ਖਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਸਨ। ਜ਼ਿਲ੍ਹਾ ਮੰਡੀ ਅਫ਼ਸਰ ਨੇ ਦੱਸਿਆ ਕਿ ਮਾਰਕਿਟ ਕਮੇਟੀ ਗੁਰਦਾਸਪੁਰ ਵੱਲੋਂ ਪ੍ਰਬੰਧਾਂ ਵਿੱਚ ਅਣਗਿਹਲੀ ਕਰਨ ਵਾਲੇ 1 ਆੜ੍ਹਤੀਏ ਦਾ ਲਾਇਸੰਸ ਸਸਪੈਂਡ ਕੀਤਾ ਗਿਆ ਹੈ ਜਦਕਿ 9 ਹੋਰ ਆੜ੍ਹਤੀਆਂ ਨੂੰ 111000 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਰਕਿਟ ਕਮੇਟੀ ਵੱਲੋਂ ਆੜ੍ਹਤੀਆਂ ਕੋਲੋਂ ਜੁਰਮਾਨੇ ਦੀ ਇਹ ਸਾਰੀ ਰਾਸ਼ੀ ਵਸੂਲ ਲਈ ਗਈ ਹੈ। ਜ਼ਿਲ੍ਹਾ ਮੰਡੀ ਅਫ਼ਸਰ ਕੁਲਜੀਤ ਸਿੰਘ ਨੇ ਕਿਹਾ ਕਿ ਮੰਡੀ ਬੋਰਡ ਵੱਲੋਂ ਆੜ੍ਹਤੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਜਿਹੜੇ ਪ੍ਰਬੰਧ ਉਨ੍ਹਾਂ ਨੇ ਆਪਣੀ ਪੱਧਰ 'ਤੇ ਕਰਨੇ ਹੁੰਦੇ ਹਨ ਉਹ ਕੀਤੇ ਜਾਣ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਜੇਕਰ ਕਿਸੇ ਆੜ੍ਹਤੀਏ ਵੱਲੋਂ ਪ੍ਰਬੰਧਾਂ ਵਿੱਚ ਜਾਂ ਖਰੀਦ ਵਿੱਚ ਕੋਈ ਕੁਤਾਹੀ ਵਰਤੀ ਗਈ ਤਾਂ ਉਨ੍ਹਾਂ ਖਿਲਾਫ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਰੇਲ ਗੱਡੀ 'ਚੋਂ ਹੇਠਾਂ ਡਿੱਗਣ ਨਾਲ ਅਣਪਛਾਤੇ ਵਿਅਕਤੀ ਦੀ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਅੱਜ ਸਵੇਰੇ ਰੇਲਵੇ ਸਟੇਸ਼ਨ ਧਾਰੀਵਾਲ ਨੇੜੇ ਮੁਹੱਲਾ ਮਾਡਲ ਟਾਊਨ ਕੋਲ ਰੇਲ ਗੱਡੀ ਵਿੱਚੋਂ ਅਚਾਨਕ ਹੇਠਾਂ ਡਿੱਗ ਜਾਣ ਕਾਰਨ ਕਰੀਬ 38 ਸਾਲਾ ਇੱਕ ਅਣਪਛਾਤੇ ਵਿਅਕਤੀ ਦੀ ਰੇਲ ਗੱਡੀ ਹੇਠਾਂ ਆ ਜਾਣ ਨਾਲ ਮੌਤ ਹੋ ਗਈ।

ਇਸ ਸਬੰਧੀ ਰੇਲਵੇ ਪੁਲੀਸ ਚੌਕੀ ਧਾਰੀਵਾਲ ਦੇ ਇੰਚਾਰਜ ਸਹਾਇਕ ਸਬ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰੇ ਅੰਮ੍ਰਿਤਸਰ ਤੋਂ ਪਠਾਨਕੋਟ ਨੂੰ ਜਾਣ ਵਾਲੀ ਪਸੰਜਰ ਰੇਲ ਗੱਡੀ ਜਦੋਂ ਰੇਲਵੇ ਸਟੇਸ਼ਨ ਧਾਰੀਵਾਲ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਸ਼ਹਿਰ ਦੇ ਮੁਹੱਲਾ ਮਾਡਲ ਨੇੜੇ ਫਾਟਕ ਨੰਬਰ 40 ਟੱਪੀ ਤਾਂ ਇਕ 38 ਸਾਲਾ ਅਣਪਛਾਤਾ ਵਿਅਕਤੀ ਚੱਲਦੀ ਰੇਲ ਗੱਡੀ ਵਿੱਚੋਂ ਅਚਾਨਕ ਡਿੱਗ ਜਾਣ ਨਾਲ ਰੇਲ ਗੱਡੀ ਹੇਠਾਂ ਆਉਣ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਉਸ ਦੀ ਸੱਜੀ ਲੱਤ ਅਤੇ ਖੱਬਾ ਪੈਰ ਕੱਟੇ ਗਏ, ਜੋ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਹੋਇਆਂ ਮੌਕੇ 'ਤੇ ਹੀ ਦਮ ਤੋੜ ਗਿਆ।

ਰੇਲਵੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਲੋੜੀਂਦੀ ਵਿਭਾਗੀ ਕਾਰਵਾਈ ਕਰਕੇ ਲਾਸ਼ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਮੋਰਚਰੀ ਵਿੱਚ ਸ਼ਨਾਖਤ ਵਾਸਤੇ 72 ਘੰਟੇ ਲਈ ਰੱਖ ਦਿੱਤਾ ਗਿਆ ਹੈ। ਮ੍ਰਿਤਕ ਨੇ ਕਾਲੇ ਰੰਗ ਦੀ ਜੀਨ ਪੈਂਟ, ਗੁਲਾਬੀ ਰੰਗ ਦੀ ਕਮੀਜ਼ ਤੇ ਹੇਠ ਚਿੱਟੀ ਬਨੈਣ ਪਹਿਨੀ ਹੋਈ ਹੈ ਅਤੇ ਸਿਰ ਤੋਂ ਮੋਨਾ ਹੈ।

22 ਦੀ ਰੈਲੀ 'ਚ ਯੂਥ ਅਕਾਲੀ ਦਲ ਵੱਡੀ ਗਿਣਤੀ 'ਚ ਪਹੁੰਚੇਗਾ : ਪ੍ਰਧਾਨ ਰਮਨਦੀਪ ਸੰਧੂ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)- ਹਲਕਾ ਫਤਹਿਗੜ੍ਹ ਚੂੜੀਆਂ ਵਿੱਚ 22 ਅਕਤੂਬਰ ਨੂੰ ਲਖਬੀਰ ਸਿੰਘ ਲੋਧੀਨੰਗਲ ਦੀ ਅਗਵਾਈ ਵਿੱਚ ਹੋਣ ਵਾਲੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਰੈਲੀ ਵਿੱਚ ਸਮੁੱਚਾ ਨੌਜਵਾਨ ਵਰਗ ਵੱਡੀ ਗਿਣਤੀ ਵਿੱਚ ਪਹੁੰਚੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਗੁਰਦਾਸਪੁਰ ਤੋਂ ਯੂਥ ਅਕਾਲੀ ਦਲ ਦੇ ਪ੍ਰਧਾਨ ਰਮਨਦੀਪ ਸਿੰਘ ਸੰਧੂ ਨੇ ਸਾਥੀਆਂ ਸਮੇਤ ਕੀਤਾ। ਉਨ੍ਹਾਂ ਕਿਹਾ ਕਿ ਰੈਲੀ ਵਿੱਚ ਮਾਝੇ ਦੇ ਜਰਨੈਲ ਬਿਕਰਮਜੀਤ ਸਿੰਘ ਮਜੀਠੀਆ ਅਤੇ ਯੂਥ ਅਕਾਲੀ ਦਲ ਦੇ ਸੂਬਾ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ।

ਰਮਨ ਸੰਧੂ ਨੇ ਕਿਹਾ ਕਿ ਜ਼ਿਲ੍ਹੇ ਵਿਚੋਂ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਇਸ ਰੈਲੀ ਵਿਚ ਪਹੁੰਚ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸਰਵਣ ਸਿੰਘ ਤਤਲਾ ਸਰਕਲ ਪ੍ਰਧਾਨ, ਗੁਰਦੇਵ ਸਿੰਘ ਕਲੇਰ ਕਲਾਂ ਸਰਕਲ ਪ੍ਰਧਾਨ, ਤਰਲੋਚਨ ਸਿੰਘ ਸਤਕੋਹਾ ਸਰਕਲ ਪ੍ਰਧਾਨ, ਗੁਰਮੀਤ ਪੰਨੂ, ਪਾਲ ਸਿੰਘ ਕਲੇਰ, ਮਨਜੀਤ ਸਿੰਘ ਸਾਬਕਾ ਸਰਪੰਚ ਸੁਚੇਤਗੜ੍ਹ,ਮੇਜਰ ਸਿੰਘ ਸਾਬਕਾ ਸਰਪੰਚ ਮੁਲਿਆਵਾਲ,ਸੂਬੇਦਾਰ ਕੇਵਲ ਸਿੰਘ, ਸਾਬਕਾ ਚੇਅਰਮੈਨ ਦਲਬੀਰ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਸਾਬਕਾ ਸਰਪੰਚ, ਸਿੰਦਰ ਜੌਹਲ ਯੂਥ ਆਗੂ,ਤਰਸੇਮ ਸਿੰਘ ਚੌਧਰਪੁਰ, ਨਿਰਮਲ ਸਿੰਘ ਸੁਚੇਤਗੜ੍ਹ,ਬਲਬੀਰ ਸਿੰਘ ਸਾਬਕਾ ਸਰਪੰਚ, ਪੂਰਨ ਸਾਧ ਪ੍ਰਿੰਸੀਪਲ, ਬਲਕਾਰ ਸਿੰਘ ਢਿੱਲੋਂ, ਰਣਬੀਰ ਸਿੰਘ ਢਿੱਲੋਂ ਸੀਨੀਅਰ ਆਗੂ,ਦਲਬੀਰ ਸਿੰਘ ਮੈਂਬਰ ਪੰਚਾਇਤ, ਬਲਕਾਰ ਸਿੰਘ ਜੌਹਲ, ਅਵਤਾਰ ਸਿੰਘ ਜੌਹਲ, ਬਾਬਾ ਹਰਜਿੰਦਰ ਸਿੰਘ ਉੱਪਲ ਅਤੇ ਸੀਨੀਅਰ ਆਗੂ ਹਾਜ਼ਰ ਸਨ।

ਸਕੌਡਾ ਆਟੋ ਇੰਡੀਆ 250 ਗਾਹਕ ਟੱਚ ਪੁਆਇੰਟਸ ਦੇ ਮੀਲ ਪੱਥਰ ਤੱਕ ਪਹੁੰਚੀ

ਅੰਮ੍ਰਿਤਸਰ - ਆਪਣੀ ਆਕ੍ਰਾਮਕ ਉਤਪਾਦ ਰਣਨੀਤੀ ਨੂੰ ਸ਼ੁਰੂ ਕਰਦੇ ਹੋਏ ਅਤੇ ਇਸ ਦੀਆਂ ਖਾਸ ਤਿਉਹਾਰਾਂ ਦੀਆਂ ਪੇਸ਼ਕਸ਼ਾਂ ਦੀ ਘੋਸ਼ਣਾ ਕਰਦੇ ਹੋਏ ਸਕੌਡਾ ਆਟੋ ਇੰਡੀਆ ਨੇ ਪੂਰੇ ਭਾਰਤ ਵਿੱਚ 250 ਗਾਹਕ ਟੱਚ ਪੁਆਇੰਟਸ ਤੱਕ ਆਪਣੇ ਨੈੱਟਵਰਕ ਦਾ ਵਿਸਤਾਰ ਕਰਨ ਦਾ ਮੀਲ ਪੱਥਰ ਪ੍ਰਾਪਤ ਕੀਤਾ। ਕੰਪਨੀ ਦੀਆਂ ਵੌਲੀਅਮ ਡਰਾਈਵਿੰਗ ਕਾਰਾਂ - ਕੁਸ਼ਾਕ ਐੱਸ.ਯੂ.ਵੀ ਅਤੇ ਸਲਾਵੀਆ ਸੇਡਾਨ ਭਾਰਤ ਵਿੱਚ ਸਕੌਡਾ ਬ੍ਰਾਂਡ ਦੇ ਵਿਸਤਾਰ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ, ਗਾਹਕ-ਕੇਂਦ੍ਰਿਤਤਾ 'ਤੇ ਇੱਕ ਲੇਜ਼ਰ ਵਰਗਾ ਤਿੱਖਾ ਫੋਕਸ ਕੀਤਾ ਗਿਆ ਹੈ, ਜਿਸ ਵਿੱਚ ਨੈੱਟਵਰਕ ਵਿਸਤਾਰ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਇਸ ਪ੍ਰਾਪਤੀ 'ਤੇ ਸਕੌਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ, ਪੇਟਰ ਸੋਲਕ ਨੇ ਕਿਹਾ: "ਸਕੌਡਾ ਦੀ ਵਿਸਤਾਰ ਰਣਨੀਤੀ ਸਾਡੀ ਉਤਪਾਦ ਸੀਮਾ ਦੇ ਵਿਸਤਾਰ ਬਾਰੇ ਅਤੇ ਇਹ ਯਕੀਨੀ ਬਣਾਉਣ ਲਈ ਹੈ ਕਿ ਅਸੀਂ ਆਪਣੇ ਗਾਹਕਾਂ ਦੇ ਨੇੜੇ ਅਤੇ ਵਧੇਰੇ ਪਹੁੰਚਯੋਗ ਹਾਂ। ਸਾਡਾ 250ਵਾਂ ਗਾਹਕ ਟੱਚ ਪੁਆਇੰਟ ਦੇਸ਼ ਭਰ ਵਿੱਚ ਸੇਖਿਆਵਾਂ ਅਤੇ ਪਹੁੰਚ ਦੇ ਰੂਪ ਵਿੱਚ ਇੱਕ ਮੀਲ ਪੱਥਰ ਹੈ। ਅਸੀਂ ਆਪਣੇ ਨੈੱਟਵਰਕ ਦਾ ਵਿਸਤਾਰ ਕਰਨਾ ਅਤੇ ਆਪਣੇ ਗਾਹਕਾਂ ਲਈ ਮਾਲਕੀ ਅਨੁਭਵ ਨੂੰ ਵਧਾਉਣਾ ਜਾਰੀ ਰੱਖਾਂਗੇ।"

ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਕਰਨ-ਅਰਜੁਨ ਨਾਟਕ ਦੀ ਪੇਸ਼ਕਾਰੀ

ਬਟਾਲਾ (ਤਰਲੋਕ ਬੱਗਾ)- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਨਾਟਸ਼ਾਲਾ, ਅੰਮ੍ਰਿਤਸਰ ਵਿਖੇ ਨਾਟਕ ਕਰਨ-ਅਰਜੁਨ ਦੀ ਸਫਲਤਾਪੂਰਵਕ ਪੇਸ਼ਕਾਰੀ ਕੀਤੀ ਗਈ। ਇਹ ਨਾਟਕ ਸਕੂਲ ਅਧਿਆਪਕ ਅਰਜੁਨ ਸਿੰਘ ਦੁਆਰਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਗਿਆ ਸੀ। ਸਕੂਲ ਵਿਦਿਆਰਥੀਆਂ ਵੱਲੋਂ ਇਸ ਨਾਟਕ ਦਾ ਸਫਲ ਮੰਚਨ ਕੀਤਾ ਗਿਆ। ਜਿਸ ਵਿੱਚ ਸਾਡੇ ਸਮਾਜ ਨੂੰ ਜਾਗਰੂਕ ਕੀਤਾ ਗਿਆ ਕਿ ਬਜ਼ੁਰਗ ਪੀੜ੍ਹੀ ਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅਜਿਹੀਆਂ ਕਦਰਾਂ-ਕੀਮਤਾਂ ਦੇਣੀਆਂ ਚਾਹੀਦੀਆਂ ਹਨ ਜਿਸ ਨਾਲ ਸਮਾਜ ਦਾ ਭਲਾ ਹੋਵੇ। ਔਰਤਾਂ ਨੂੰ ਸਮਾਜ ਵਿੱਚ ਬਣਦਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਹਰ ਖੇਤਰ ਵਿੱਚ ਮੌਕੇ ਮਿਲਣੇ ਚਾਹੀਦੇ ਹਨ। ਅਮੀਰ-ਗਰੀਬ ਦੇ ਭੇਦਭਾਵ ਨੂੰ ਖਤਮ ਕਰਕੇ ਅਤੇ ਸਾਰਿਆਂ ਵਿਚ ਬਰਾਬਰਤਾ ਲਿਆ ਕੇ ਹੀ ਸਮਾਜ ਨੂੰ ਸਹੀ ਰਸਤੇ 'ਤੇ ਲਿਆਂਦਾ ਜਾ ਸਕਦਾ ਹੈ। ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਅਰਜੁਨ ਸਿੰਘ ਅਤੇ ਸਮੂਹ ਵਿਦਿਆਰਥੀਆਂ ਨੂੰ ਨਾਟਕ ਦੇ ਸਫਲਤਾਪੂਰਵਕ ਮੰਚਨ ਲਈ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਉਮੀਦ ਕੀਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਸਕਿੱਟਾਂ ਤੇ ਇਕਾਂਗੀਆਂ ਦਾ ਸਫਲ ਮੰਚਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਵਿਦਿਆਰਥੀ ਕਲਾਕਾਰਾਂ ਦੇ ਸਿਰ ਚੜ੍ਹ ਬੋਲ ਰਹੀ ਪ੍ਰਤਿਭਾ ਅਤੇ ਰਚਨਾਤਮਿਕਤਾ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸੀ ਜ਼ੋਨ ਯੁਵਕ ਮੇਲਾ ਪੂਰੇ ਜ਼ੋਰਾਂ-ਸ਼ੋਰਾਂ ਨਾਲ ਅੱਗੇ ਵਧ ਰਿਹਾ ਹੈ ਅਤੇ ਮੇਲੇ ਦੇ ਦੂਜੇ ਦਿਨ ਦੀਆਂ ਵੰਨਗੀਆਂ ਵਿਚ ਸੱਭਿਆਚਾਰਕ, ਸਾਹਿਤਕ, ਚਿੰਤਨਸ਼ੀਲ ਅਤੇ ਸਮਾਜਿਕ ਚੇਤਨਾ ਦਾ ਆਧਾਰ ਰੱਖਦੇ ਮੁਕਾਬਲੇ ਪੇਸ਼ ਕੀਤੇ ਗਏ। ਦਸ਼ਮੇਸ਼ ਆਡੀਟੋਰੀਅਮ ਵਿੱਚ ਦਿਨ ਦੇ ਸਮਾਗਮਾਂ ਦੀ ਸ਼ੁਰੂਆਤ ਕਾਸਟਿਊਮ ਪਰੇਡ ਨਾਲ ਹੋਈ, ਜਿਸ ਵਿਚ ਵਿਦਿਆਰਥੀਆਂ ਨੇ ਅਮੀਰ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦੇ ਹੋਏ ਬਹੁਤ ਸਾਰੇ ਪਹਿਰਾਵੇ ਪਹਿਨ ਕੇ ਪੇਸ਼ਕਾਰੀ ਦਿੱਤੀ। ਮਾਈਮ ਤੇ ਮਿਮਿਕਰੀ ਦੀਆਂ ਵੰਨਗੀਆਂ ਵਿਚ ਵਿਦਿਆਰਥੀ ਕਲਾਕਾਰਾਂ ਨੇ ਵੱਖ ਵੱਖ ਪੰਛੀਆਂ, ਜਾਨਵਰਾਂ, ਫਿਲਮੀ ਕਲਾਕਾਰਾਂ, ਨੇਤਾਵਾਂ ਅਤੇ ਹੋਰ ਕਈ ਚੀਜ਼ਾਂ ਦੀਆਂ ਆਵਾਜ਼ਾਂ ਨਾਲ ਪੇਸ਼ਕਾਰੀ ਦਿੱਤੀ। ਸਕਿੱਟਾਂ ਵਿਚ ਪੰਜਾਬੀ ਸਮਾਜ ਨੂੰ ਦਰਪੇਸ਼ ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਵਿਦੇਸ਼ੀ ਨਾਗਰਿਕਤਾ ਲਈ ਅਸਲੀ ਭੈਣ-ਭਰਾਵਾਂ ਦੇ ਵਿਆਹ, ਰਾਜਨੀਤਿਕ ਚੁਣੌਤੀਆਂ, ਸੋਸ਼ਲ ਮੀਡੀਆ ਦੇ ਸਾਡੇ ਰਿਸ਼ਤਿਆਂ ਅਤੇ ਜੀਵਨਸ਼ੈਲੀ 'ਤੇ ਪੈ ਰਹੇ ਪ੍ਰਭਾਵ, ਮਾਪੇ-ਬੱਚੇ ਦੇ ਰਿਸ਼ਤੇ ਤੋਂ ਇਲਾਵਾ ਹੋਰ ਬਹੁਤ ਸਾਰੇ ਮੁੱਦੇ ਸ਼ਾਮਲ ਸਨ। ਸਮੂਹ ਸ਼ਬਦ/ਭਜਨ ਅਤੇ ਸਮੂਹ ਗੀਤ ਭਾਰਤੀ ਵੰਨਗੀਆਂ ਦੀ ਪੇਸ਼ਕਾਰੀ ਵਿਚ ਸਾਡੇ ਦੇਸ਼ ਦੇ ਰੂਹਾਨੀ ਸੰਗੀਤ ਦੀ ਅਮੀਰ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ ਗਿਆ। ਗੀਤ/ਗਜ਼ਲ ਅਤੇ ਲੋਕ ਗੀਤ ਪੇਸ਼ਕਾਰੀਆਂ ਸਰੋਤਿਆਂ ਨੂੰ ਕਲਾ ਅਤੇ ਪਰੰਪਰਾ ਦੀ ਦੁਨੀਆ ਵਿਚ ਲੈ ਗਈਆਂ। ਰੰਗੋਲੀ, ਫੁਲਕਾਰੀ, ਮਹਿੰਦੀ ਅਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ। ਕਾਵਿ-ਸੰਵਾਦ, ਭਾਸ਼ਣ ਅਤੇ ਡੀਬੇਟ ਦੇ ਮੁਕਾਬਲੇ ਹੋਏ। ਯੁਵਕ ਭਲਾਈ ਵਿਭਾਗ ਦੇ ਇੰਚਾਰਜ, ਡਾ. ਅਮਨਦੀਪ ਸਿੰਘ ਨੇ ਦੱਸਿਆ ਕਿ 20 ਅਕਤੂਬਰ ਨੂੰ ਦਸਮੇਸ਼ ਆਡੀਟੋਰੀਅਮ ਵਿੱਚ ਕਲਾਸੀਕਲ ਡਾਂਸ ਅਤੇ ਗਿੱਧਾ ਅਤੇ ਗੁਰੂ ਨਾਨਕ ਭਵਨ ਵਿੱਚ ਵੈਸਟਰਨ ਵੋਕਲ ਸੋਲੋ, ਵੈਸਟਰਨ ਗਰੁੱਪ ਸਾਂਗ ਅਤੇ ਵੈਸਟਰਨ ਇੰਸਟਰੂਮੈਂਟਲ ਸੋਲੋ ਦੇ ਮੁਕਾਬਲੇ ਕਰਵਾਏ ਜਾਣਗੇ। ਇਸੇ ਦਿਨ ਯੂਨੀਵਰਸਿਟੀ ਦੇ ਦਸਮੇਸ਼ ਆਡੀਟੋਰੀਅਮ ਵਿੱਚ ਇਨਾਮ ਵੰਡ ਸਮਾਗਮ ਕਰਵਾਇਆ ਜਾਵੇਗਾ।

ਤਿੱਬੜੀ ਕੈਂਟ 'ਚ 31 ਤੋਂ ਸੈਨਾ ਦੀ ਭਰਤੀ ਅਰੰਭ

ਗੁਰਦਾਸਪੁਰ (ਜਨਕ ਮਹਾਜਨ) - ਬਲਜਿੰਦਰ ਸਿੰਘ ਵਿਰਕ, ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਭਾਰਤੀ ਫ਼ੌਜ ਵੱਲੋਂ ਤਿਬੜੀ ਕੈਂਟ ਵਿੱਚ ਮਿਤੀ 31 ਅਕਤੂਬਰ ਤੋਂ ਸੈਨਾ ਦੀ ਭਰਤੀ ਅਰੰਭ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸੈਨਾ ਦੀ ਭਰਤੀ ਇੱਕ ਮੁਫ਼ਤ ਸੇਵਾ ਹੈ ਅਤੇ ਇਹ ਨਿਰੋਲ ਮੈਰਿਟ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਬਲਜਿੰਦਰ ਸਿੰਘ ਵਿਰਕ ਨੇ ਨੌਜਵਾਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਨੌਜਵਾਨ ਲੜਕਿਆਂ ਨੂੰ ਨਰੋਈ ਖੁਰਾਕ

20-Oct-PAGE-12.qxd 10/19/2023 11:05 PM Page 1

ਕਾਂਗਰਸ ਦੇ ਜਗਵਿੰਦਰ ਪਾਲ ਸਿੰਘ 'ਆਪ' 'ਚ ਸ਼ਾਮਲ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਨੇ ਵੀਰਵਾਰ ਨੂੰ ਮਾਝਾ ਖੇਤਰ 'ਚ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ। ਮਾਝੇ ਦੀ ਮੰਨੀ-ਪ੍ਰਮੰਨੀ ਸਖਸ਼ੀਅਤ ਅਤੇ ਮਜੀਠਾ ਤੋਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੇ ਉਮੀਦਵਾਰ ਜਗਵਿੰਦਰ ਪਾਲ ਸਿੰਘ, ਜੋ ਜੱਗਾ ਮਜੀਠਾ ਦੇ ਨਾਂਅ ਤੋਂ ਵੀ ਜਾਣੇ ਜਾਂਦੇ ਹਨ, ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੋਰ 'ਤੇ ਜੱਗਾ ਨੂੰ ਪਾਰਟੀ 'ਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ। ਜਗਵਿੰਦਰ ਪਾਲ ਸਿੰਘ ਜੱਗਾ 1987 ਤੋਂ ਕਾਂਗਰਸੀ ਵਰਕਰ ਸਨ ਅਤੇ 1992 ਵਿੱਚ ਕੌਂਸਲਰ ਚੁਣੇ ਗਏ ਸਨ। ਉਹ 1999 'ਚ ਯੂਥ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸਨ ਅਤੇ 2000 ਦੇ ਸ਼ੁਰੂ 'ਚ ਉਨ੍ਹਾਂ ਨੂੰ। ਅੰਮ੍ਰਿਤਸਰ ਦਿਹਾਤੀ ਦੇ ਜਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਸੀ। 3 ਦਹਾਕਿਆਂ ਤੋਂ ਵੱਧ ਦਾ ਰਾਜਨੀਤਿਕ ਕੈਰੀਅਰ ਅਤੇ ਤਜ਼ਰਬਾ ਹੋਣ ਕਾਰਨ ਉਨ੍ਹਾਂ ਦੀ ਮਜੀਠਾ 'ਚ ਬਹੁਤ ਚੰਗੀ ਪਕੜ ਅਤੇ ਪ੍ਰਭਾਵ ਹੈ। ਸੂਬੇ 'ਚ ਨਗਰ ਨਿਗਮ ਚੋਣਾਂ ਅਤੇ ਅਗਲੀ ਵਾਰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪੰਜਾਬ 'ਚ ਕਈ ਵੱਡੇ ਨੇਤਾ ਅਤੇ ਪ੍ਰਮੁੱਖ ਹਸਤੀਆਂ ਦਾ ਰੁਖ ਆਮ ਆਦਮੀ ਪਾਰਟੀ ਵੱਲ ਹੋ ਰਿਹਾ ਹੈ। ਜੱਗਾ ਮਜੀਠਾ ਦਾ 'ਆਪ' 'ਚ ਸਵਾਗਤ ਕਰਨ ਤੋਂ ਬਾਅਦ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੇ ਕੰਮਾਂ ਅਤੇ ਨੀਤੀਆਂ ਤੋਂ ਬਹੁਤ ਖੁਸ਼ ਹਨ।

ਜ਼ਿਲ੍ਹਾ ਨੂਹ ਦੇ 23 ਪਿੰਡਾਂ 'ਚ 46 ਟਿਊਬਵੈੱਲਾਂ ਦਾ ਕੀਤਾ ਜਾਵੇਗਾ ਕਾਇਆਕਲਪ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਸਰਕਾਰ ਗ੍ਰਾਮੀਣ ਸੰਵਰਧਨ ਪ੍ਰੋਗ੍ਰਾਮ ਤਹਿਤ 3 ਜ਼ਿਲ੍ਹਿਆਂ ਨਾਂਅ ਭਿਵਾਨੀ ਚਰਖੀ ਦਾਦਰੀ ਅਤੇ ਨੂੰਹ ਵਿਚ 51 ਕਰੋੜ ਰੁਪਏ ਤੋਂ ਵੱਧ ਦੀ 13 ਨਵੀਆਂ ਪਰਿਯੋਜਨਾਵਾਂ ਲਾਗੂ ਕਰੇਗੀ। ਮੁੱਖ ਮੰਤਰੀ ਮਨੋਹਰ ਲਾਲ ਨੇ ਜਲ ਸਿਹਤ ਇੰਜੀਨੀਅਰਿੰਗ ਵਿਭਾਗ ਵੱਲੋਂ ਲਾਗੂ ਕੀਤੀ ਜਾਣ ਵਾਲੀ ਇੰਨ੍ਹਾਂ ਪਰਿਯੋਜਨਾਵਾਂ ਨੂੰ ਪ੍ਰਸ਼ਾਸ਼ਨਿਕ ਮੰਜੂਰੀ ਪ੍ਰਦਾਨ ਕੀਤੀ ਹੈ। ਸਰਕਾਰੀ ਬੁਲਾਰੇ ਨੇ ਦਸਿਆ ਕਿ ਨਵੇਂ ਕੰਮਾਂ ਵਿਚ 9.98 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਭਿਵਾਨੀ ਦੇ ਪਿੰਡ ਢਿਗਾਵਾ ਜਾਟਾਨ ਵਿਚ ਵਾਟਰ ਵਰਕਸ, 8.42 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਪਹਾੜੀ, ਭਿਵਾਨੀ ਵਿਚ ਜਲ ਸਪਲਾਈ ਪ੍ਰਣਾਲੀ ਦਾ ਮਜਬੂਤੀਕਰਣ ਅਤੇ ਵਾਟਰ ਵਰਕਸ ਦਾ ਨਿ+ਮਾਣ, 8.31 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਕੁਰਾਲ, ਭਿਵਾਨੀ ਵਿਚ ਜਲ ਸਪਲਾਈ ਪ੍ਰਣਾਲੀ ਦਾ ਮਜਬੂਤੀਕਰਣ ਦੂਜੇ ਵਾਟਰ ਵਰਕਸ ਦਾ ਨਿਰਮਾਣ 7.98 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਭਿਵਾਨੀ ਦੇ ਪਿੰਡ ਖਰਕੜੀ ਵਿਚ ਵਿਚ ਵਾਟਰ ਵਰਕਸ ਦਾ ਨਿਰਮਾਣ, ਜ਼ਿਲ੍ਹਾ ਭਿਵਾਨੀ ਦੇ ਪਿੰਡ ਰੂਪਗੜ੍ਹ ਵਿਚ 4.30 ਕਰੋੜ ਰੁਪਏ ਦੀ ਲਾਗਤ ਨਾਲ ਨਹਿਰ ਅਧਾਰਿਤ ਜਲਸਪਲਾਈ ਯੋਜਨਾ, ਚਰਖੀ ਦਾਦਰੀ ਜ਼ਿਲ੍ਹੇ ਦੇ ਪਿੰਡ ਬਰਸਾਨਾ ਵਿਚ 2.48 ਕਰੋੜ ਰੁਪਏ ਤੋਂ ਨਹਿਰ ਅਧਾਰਿਤ ਵਾਟਰ ਵਰਕਸ ਅਤੇ ਬਾਕੀ ਪਾਇਲ ਲਾਇਨਾਂ ਵਿਛਾਉਣ ਦਾ ਕਾਰਜ ਸ਼ਾਮਿਲ ਹਨ। ਇਸ ਤੋਂ ਇਲਾਵਾ, ਜਿਲ੍ਹਾ ਚਰਖੀ ਦਾਦਰੀ ਦੇ ਪਿੰਡ ਕਲਾਲੀ ਵਿਚ 1.25 ਕਰੋੜ ਰੁਪਏ ਦੀ ਲਾਗਤ ਨਾਲ ਪਾਇਪ ਲਾਇਨ ਵਿਛਾਉਣ ਅਤੇ ਵੱਧ ਟੈਂਕ ਦਾ ਨਿਰਮਾਣ ਤੇ ਮੌਜੂਦਾ ਢਾਂਚਿਆਂ ਦੀ ਮੁਰੰਮਤ, 1.12 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਵਧਵਾਨਾ, ਚਰਖੀ ਦਾਦਰੀ ਵਿਚ ਮੌਜੂਦਾ ਢਾਂਚਚਿਆਂ ਦਾ ਨਵੀਨੀਕਰਣ ਅਤੇ ਬਾਕੀ ਪਾਇਪ ਲਾਇਨਾਂ ਵਿਛਾਉਣਾ, 1.36 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਗਾਰਨਪੁਰਾ ਕਲਾਂ, ਭਿਵਾਨੀ ਵਿਚ ਵੰਡ ਪਾਇਪ ਲਾਇਨ ਪ੍ਰਦਾਨ ਕਰਨਾ ਅਤੇ ਜਲ ਸਪਲਾਈ ਯੋਜਨਾ ਦਾ ਵਿਸਤਾਰ ਕਰਨਾ, ਪਿੰਡ ਪਹਿਲਾਦਗੜ੍ਹ ਭਿਵਾਨੀ ਵਿਚ 73.64 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਵਰਕਸ ਵਿਚ ਵੱਧ ਟੈਂਕ ਫਿਲਟਰ ਬੈਡ ਦਾ ਨਿਰਮਾਣ ਅਤੇ ਮੌਜੂਦਾ ਢਾਂਚਿਆਂ ਦੀ ਮੁਰੰਮਤ, 45.91 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦੁਲਹੇੜੀ , ਭਿਵਾਨੀ ਵਿਚ ਵਾਟਰ ਵਰਕਸ ਵਿਚ ਇਕ ਵੱਧ ਟੈਂਕ ਦਾ ਨਿਰਮਾਣ ਅਤੇ 37.14 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਨੰਦਗਾਓ, ਜਿਲ੍ਹਾ ਭਿਵਾਨੀ ਵਿਚ ਇਕ ਵੱਧ ਟੈਂਕ ਦਾ ਨਿਰਮਾਣ ਕਾਰਜ ਨੂੰ ਵੀ ਮੰਜੂਰੀ ਦਿੱਤੀ ਗਈ ਹੈ। ਬੁਲਾਰੇ ਨੇ ਦਸਿਆ ਕਿ ਜ਼ਿਲ੍ਹਾ ਨੂੰਹ ਦੇ ਫਿਰੋਜ਼ਪੁਰ ਝਿਰਕਾ ਵਿਧਾਨ ਸਭਾ ਖੇਤਰ ਵਿਚ ਸਥਾਪਿਤ ਵੱਖ-ਵੱਖ ਟਿਊਬਵੈਲਾਂ ਵੱਲੋਂ ਘੱਟ ਪਾਣੀ ਉਪਲਬਧ ਕਰਵਾਏ ਜਾਣ ਦੇ ਮੱਦੇਨਜਰ 23 ਪਿੰਡਾਂ ਵਿਚ ਲੱਗੇ 46 ਟਿਯੂਬਵੈਲਾਂ ਨੂੰ ਡੂੰਘਾ ਕਰਨ ਦੇ ਨਾਲ-ਨਾਲ ਇੰਨ੍ਹਾਂ ਦੇ ਮੁੜ ਵਿਸਥਾਰ ਦੀ ਯੋਜਨਾ ਬਣਾਈ ਗਈ ਹੈ। ਇਸ ਦੇ ਲਈ 4.96 ਕਰੋੜ ਰੁਪਏ ਦੀ ਰਕਮ ਮੰਜੂਰ ਕੀਤੀ ਗਈ ਹੈ। ਇੰਨ੍ਹਾਂ ਪਿੰਡਾਂ ਵਿਚ ਪਾਟਨ ਉਦੈਪੁਰੀ, ਰਾਵਲੀ, ਕਬੜਾਵਾਸ, ਪਾਠਖੇਰੀ, ਹਸਨਪੁਰ ਬਿਲੌਂਦਾ, ਫਿਰੋਜਪੁਰ ਝਿਰਕਾ, ਠੇਕਰੀ, ਗਿਯਾਸਨਿਯਾਬਾਸ, ਰੰਗੀਲਾ, ਧਮਾਲਾ, ਨਸੀਰਬਾਸ, ਨੋਟਕੀ, ਸਿਲਕੋਹ ਦੇਵਲਾ ਨਗਲੀ, ਸਰਦੀ, ਕਸਾਲੀ, ਘਾਗਸ, ਕੋਟਿਲਾ, ਬਡੋੜ, ਧੋਂਦਲ, ਨਾਵਲੀ, ਚਿਤੌੜਾ, ਚੰਦਰਕਾ, ਬਿਵਾਨ ਅਤੇ ਬਸੈਸਿਯੋ ਸ਼ਾਮਿਲ ਹਨ। ਬੁਲਾਰੇ ਨੇ ਦਸਿਆ ਕਿ ਹਰਿਆਣਾ ਗ੍ਰਾਮੀਣ ਖੇਤਰਾਂ ਵਿਚ ਪਾਇਪ ਜਲ ਸਪਲਾਈ ਸਹੂਲਤ ਉਪਲਬਧ ਕਰਾਉਣ ਵਿਚ ਮੋਹਰੀ ਹੈ।

'ਐਨ ਪੀ ਐਸ ਕਟੌਤੀ ਬੰਦ ਕਰੋ' ਮੁਹਿੰਮ ਤੇਜ਼

ਸਾਹਕੋਟ (ਗਿਆਨ ਸੈਦਪੁਰੀ)

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ, ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਡਿੰਪਲ ਰੁਹੇਲਾ ਅਤੇ ਦਰਸੀ ਕਾਂਤ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ 'ਐਨ ਪੀ ਐਸ ਕਟੌਤੀ ਬੰਦ ਕਰੋ, ਜੀ ਪੀ ਐਫ ਕਟੌਤੀ ਸ਼ੁਰੂ ਕਰੋ' ਬੈਨਰ ਹੇਠ ਸ਼ੁਰੂ ਕੀਤੀ ਗਈ ਮੁਹਿੰਮ ਤੇਜ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਸਬੰਧੀ ਲਾਰੇ ਲੱਪੇ ਵਾਲੀ ਨੀਤੀ ਅਪਣਾਈ ਹੋਈ ਹੈ। ਇਸ ਗੱਲ ਦਾ ਮੁਲਾਜ਼ਮਾਂ ਅੰਦਰ ਭਾਰੀ ਰੋਸ ਹੈ। ਆਗੂਆਂ ਨੇ ਕਿਹਾ ਕਿ 2004 ਤੋਂ ਬਾਅਦ ਭਰਤੀ ਹੋਏ ਹਰ ਮੁਲਾਜ਼ਮ ਦੀਆਂ ਇੰਪਲਾਈਜ ਸੇਅਰ ਅਤੇ ਸਟੇਟ ਸੇਅਰ ਦੇ ਨਾਂਅ 'ਤੇ ਪਹਿਲਾਂ ਦੀ ਤਰ੍ਹਾਂ ਹੀ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ।

ਪੰਜਾਬ ਮੰਤਰੀ ਮੰਡਲ ਵੱਲੋਂ 21 ਅਕਤੂਬਰ ਨੂੰ ਪੁਰਾਣੀ ਪੈਨਸ਼ਨ ਸਕੀਮ ਦੀ ਦਿੱਤੀ ਗਈ ਪ੍ਰਵਾਨਗੀ ਨੂੰ ਲਾਗੂ ਨਹੀ ਕੀਤਾ ਗਿਆ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਪ੍ਰਵਾਨਗੀ ਨੂੰ ਲਾਗੂ ਕਰਦੇ ਹੋਏ ਵਿੱਤ ਵਿਭਾਗ ਨੂੰ ਨੋਟੀਫਿਕੇਸਨ ਜਾਰੀ ਕਰਨ ਦਾ ਨਿਰਦੇਸ ਦੇਵੇ। ਸਬੰਧਤ ਮੁਲਾਜਮਾਂ ਦੀ ਜੀ.ਪੀ. ਐਫ. ਕਟੌਤੀ ਤਰੁੰਤ ਸ਼ੁਰੂ ਕੀਤੀ ਜਾਵੇ। ਮੁਹਿੰਮ ਤੇਜ ਕਰਨ ਦੀ ਕੜੀ ਵਜੋਂ ਮਾਸਟਰ ਅੰਮ੍ਰਿਤਪਾਲ ਸਿੰਘ ਬਾਕੀਪੁਰ ਦੀ ਅਗਵਾਈ 'ਚ ਸਰਕਾਰੀ ਸਕੂਲ ਪੱਟੀ ਵਿਖੇ ਰੋਸ ਮੁਜਾਹਰਾ ਕੀਤਾ ਗਿਆ। ਇਸ

ਮਾਸਟਰ ਅੰਮ੍ਰਿਤਪਾਲ ਸਿੰਘ ਬਾਕੀਪੁਰ ਦੀ ਅਗਵਾਈ 'ਚ ਅਧਿਆਪਕ ਰੋਸ ਮੁਜ਼ਾਹਰਾ ਕਰਦੇ ਹੋਏ

ਵਿੱਚ ਮੰਗ ਕੀਤੀ ਗਈ ਕਿ ਐਨ ਪੀ ਐਸ ਕਟੌਤੀ ਬੰਦ ਕਰਕੇ ਜੀ ਪੀ ਐਫ ਕਟੌਤੀ ਸ਼ੁਰੂ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਦੀਪ ਸਿੰਘ, ਵਿਕਰਮ ਕੁਮਾਰ, ਮੋਹਿਤ, ਗੁਰਦੇਵ ਸਿੰਘ, ਅਸੋਕ ਕੁਮਾਰ, ਬਾਜ ਸਿੰਘ, ਉਂਕਾਰ ਸਿੰਘ, ਸਰਪਰੀਤ, ਜਸਵੰਤ ਰਾਣੀ ਹਰਮਨਦੀਪ ਕੌਰ, ਰਿਧੀ ਭਸੀਨ, ਗੁਰਜੀਤ ਕੌਰ, ਮੋਨਿਕਾ, ਕਿਰਨਦੀਪ ਕੌਰ, ਕਨੂਪਾਲ, ਕੰਵਲਜੀਤ ਕੌਰ, ਲਿਵਲੀਨ ਕੌਰ, ਹਰਪਾਲ ਕੌਰ, ਪੂਜਾ ਰਾਣੀ ਅਤੇ ਮਨਜਿੰਦਰ ਕੌਰ (ਸਾਰੇ ਅਧਿਆਪਕ) ਹਾਜ਼ਰ ਸਨ।

26 ਨੂੰ ਹੋ ਰਹੇ ਸੱਭਿਆਚਾਰਕ ਜੋੜ ਮੇਲੇ ਦੀਆਂ ਤਿਆਰੀਆਂ ਮੁਕੰਮਲ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਦੀ ਅਗਵਾਈ 'ਚ ਹਜ਼ਰਤ ਸਰਕਾਰ ਸਾਬਿਰ ਪਾਕ ਦੀ ਯਾਦ ਨੂੰ ਸਮਰਪਿਤ 19ਵਾਂ ਸਾਲਾਨਾ ਸੱਭਿਆਚਾਰਕ ਜੋੜ ਮੇਲਾ 26 ਅਕਤੂਬਰ ਨੂੰ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਬਾਬਾ ਸ਼ੇਰ ਸਿੰਘ ਅਤੇ ਦਰਗਾਹ ਦੇ ਸੇਵਾਦਾਰਾਂ ਵੱਲੋਂ ਇਕ ਪੋਸਟਰ ਜਾਰੀ ਕੀਤਾ ਗਿਆ। ਬਾਬਾ ਸ਼ੇਰ ਸਿੰਘ ਨੇ ਕਿਹਾ ਕਿ ਇਸ ਸੱਭਿਆਚਾਰਕ ਜੋੜ ਮੇਲੇ 'ਚ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਮੱਥਾ ਟੇਕ ਕੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ 25 ਅਕਤੂਬਰ ਨੂੰ ਬਾਬਾ ਦੀ ਦਰਗਾਹ 'ਤੇ ਨਿਸ਼ਾਨ ਸਾਹਿਬ ਅਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸੱਭਿਆਚਾਰਕ ਜੋੜ ਮੇਲੇ ਦੌਰਾਨ ਢੋਲ ਦੀ ਥਾਪ ਤੇ ਘੋੜੀਆਂ ਦੇ ਡਾਂਸ ਲੋਕਾਂ ਨੂੰ ਆਕਰਸ਼ਿਤ ਕਰਨਗੇ। ਇਸ ਮੌਕੇ ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਸਹਿਜਾਦਾ ਡਾ. ਮੀਰਾ ਹਸਨ, ਦੇਵੀਕਾ ਰਾਜੇਸ ਜਸਰਾ, ਦੀਪਕ ਕੁਮਾਰ, ਮਲਕੀਤ ਸਿੰਘ, ਦਿਲਜੀਤ ਸਿੰਘ, ਹਰਵਿੰਦਰ ਸਿੰਘ ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।

ਢਾਹਾਂ ਕਲੇਰਾਂ ਦੇ ਡਾਇਰੈਕਟਰ ਹੈਲਥ ਡਾ. ਐਸ ਐਸ ਗਿੱਲ ਨੂੰ ਸ਼ਰਧਾਂਜਲੀਆਂ ਭੇਟ

ਬਹਿਰਾਮ (ਅਵਤਾਰ ਕਲੇਰ)

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਡਾਇਰੈਕਟਰ ਹੈਲਥ ਡਾ ਐਸ ਐਸ ਗਿੱਲ (ਸਾਬਕਾ ਵਾਈਸ ਚਾਂਸਲਰ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਾਰ ਹੈਲਥ ਸਾਇੰਸਜ਼ ਫਰੀਦਕੋਟ) ਜੋ ਪਿਛਲੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਸਪੰਨ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ, ਨਮਿੱਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਹੋਇਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੰਗਤੀ ਰੂਪ 'ਚ ਕੀਤਾ ਗਿਆ ਅਤੇ ਉਪਰੰਤ ਹਜ਼ੂਰੀ ਰਾਗੀ ਭਾਈ ਜੋਗਾ ਸਿੰਘ ਨੇ ਵੈਰਾਗਮਈ ਗੁਰਬਾਣੀ ਕੀਰਤਨ ਕੀਤਾ । ਸ਼ਰਧਾਂਜ਼ਲੀ ਸਮਾਗਮ ਵਿਚ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ, ਜਨਰਲ ਸਕੱਤਰ ਕੁਲਵਿੰਦਰ ਸਿੰਘ ਢਾਹਾਂ, ਪ੍ਰੋ. ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਕੂਲ ਸਿੱਖਿਆ ਅਤੇ ਵਰਿੰਦਰ ਸਿੰਘ ਬਰਾੜ ਐਚ ਆਰ ਐਡਿਮਨ ਨੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ.ਐਸ ਐਸ ਗਿੱਲ, ਹੱਡੀਆਂ ਦੇ ਮਾਹਿਰ ਡਾਕਟਰ ਹੋਣ ਦੇ ਨਾਲ-ਨਾਲ ਉੱਚ ਪੱਧਰੀ ਸਿੱਖਿਆ ਸ਼ਾਸ਼ਤਰੀ ਅਤੇ ਸ਼ਾਨਦਾਰ ਪ੍ਰਬੰਧਕ ਸਨ। ਬੁਲਾਰਿਆਂ ਨੇ ਅੱਗੇ ਬੋਲਦਿਆਂ ਕਿਹਾ ਕਿ ਸਵ: ਡਾ ਐਸ ਐਸ ਗਿੱਲ ਨੇ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ, ਗੁਰੂ ਨਾਨਕ ਕਾਲਜ ਆਫ ਨਰਸਿੰਗ, ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੂੰ ਆਧੁਨਿਕ ਤਕਨੀਕਾਂ ਨਾਲ ਨਵੇਂ ਯੁੱਗ ਦੇ ਹਾਣੀ ਬਣਾਉਣ ਲਈ ਅਣਥੱਕ ਯਤਨ ਕੀਤੇ। ਇਸ ਮੌਕੇ ਕਾਹਮਾ ਨੇ ਕਿਹਾ ਕਿ ਢਾਹਾਂ ਕਲੇਰਾਂ ਦੇ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਦੀ ਤਰੱਕੀ ਅਤੇ ਪਸਾਰ ਲਈ ਜਿਹੜੇ ਪ੍ਰੋਜੈਕਟ ਡਾਕਟਰ ਸਾਹਿਬ ਨੇ ਉਲੀਕੇ ਸਨ ਉਹਨਾਂ ਨੂੰ ਸੰਪੂਰਨ ਕੀਤਾ ਜਾਵੇਗਾ। ਬਰਜਿੰਦਰ ਸਿੰਘ ਢਾਹਾਂ ਨੇ ਆਪਣੇ ਸੋਕ ਸੰਦੇਸ਼ 'ਚ ਕਿਹਾ ਕਿ ਡਾਕਟਰ ਐਸ ਐਸ ਗਿੱਲ ਦੀ ਅਗਵਾਈ 'ਚ ਢਾਹਾਂ ਕਲੇਰਾਂ ਵਿਖੇ ਚੱਲ ਰਹੇ ਮੈਡੀਕਲ ਅਤੇ ਵਿਦਿਅਕ ਅਦਾਰਿਆਂ ਨੂੰ ਇੰਟਰਨੈਸ਼ਲ ਪੱਧਰ ਦਾ ਬਣਾਉਣ ਲਈ ਕੀਤੇ ਗਏ ਯਤਨ ਸ਼ਲਾਘਾਯੋਗ ਹਨ। ਸ਼ਰਧਾਂਜਲੀ ਸਮਾਗਮ 'ਚ ਅਮਰਜੀਤ ਸਿੰਘ ਕਲੇਰਾਂ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਬੀਬੀ ਮਨਜੀਤ ਕੌਰ ਥਾਂਦੀ , ਬੀਬੀ ਜਿੰਦਰ ਕੌਰ ਢਾਹਾਂ, ਡਾ. ਬਲਵਿੰਦਰ ਸਿੰਘ , ਡਾ. ਨਵਜੋਤ ਸਿੰਘ ਸਹੋਤਾ, ਡਾ. ਰੋਹਿਤ ਮਸੀਹ, ਡਾ. ਵਿਵੇਕ ਗੁੰਬਰ, ਮਹਿੰਦਰਪਾਲ ਸਿੰਘ ਸੁਪਰਡੈਂਟ, ਮੈਡਮ ਰਮਨਦੀਪ ਕੌਰ, ਮੈਡਮ ਵਨੀਤਾ ਚੋਟ ਪ੍ਰਿੰਸੀਪਲ, ਲਾਲ ਚੰਦ ਔਜਲਾ ਤੋਂ ਇਲਾਵਾ ਸਮੂਹ ਹਸਪਤਾਲ, ਨਰਸਿੰਗ ਕਾਲਜ, ਟਰੱਸਟ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਡਾ. ਐਸ ਐਸ ਗਿੱਲ ਜੋ 77 ਵਰ੍ਹਿਆਂ ਦੇ ਸਨ ਅਤੇ ਬੀਤੀ 12 ਅਕਤੂਬਰ ਨੂੰ ਮੁਹਾਲੀ ਵਿਖੇ ਸੰਖੇਪ ਬਿਮਾਰੀ ਉਪਰੰਤ ਸਦੀਵੀ ਵਿਛੋੜਾ ਦੇ ਗਏ, ਉਹ ਆਪਣੇ ਪਿੱਛੇ ਪਤਨੀ, ਇਕ ਬੇਟਾ ਤੇ ਇਕ ਧੀ ਛੱਡ ਗਏ ਹਨ।

ਮੇਹਰ ਚੰਦ ਪੋਲੀਟੈਕਨਿਕ ਨੂੰ ਮਿਲਿਆ ਬੈਸਟ ਟੈਕਨੀਕਲ ਫੈਸਟ ਐਵਾਰਡ

ਜਲੰਧਰ (ਸ਼ੈਲੀ ਐਲਬਰਟ)

ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੂੰ ਆਲ ਇੰਡੀਆ ਕਾ